## ਅਧਿਆਇ 6

# ਪਹਿਲੀਆਂ ਛੇ ਮੋਹਰਾਂ ਦਾ ਤੋੜਨਾ

ਪਰਕਾਸ਼ ਦੀ ਪੋਥੀ ਦਾ ਰੂਪਕ ਅਤੇ ਸ਼ਬਦਾਵਲੀ ਪੱਛਮੀ ਸੰਸਾਰ ਦੇ ਸ਼ਬਦਕੋਸ਼ ਦਾ ਹਿੱਸਾ ਬਣ ਚੁੱਕਾ ਹੈ। ਉਦਾਹਰਣ ਦੇ ਲਈ, "ਅਪੋਕਲਿਪਸ" ਸ਼ਬਦ ਦੇ ਬਾਰੇ ਸੋਚੋ। ਪ੍ਰਸਿੱਧ ਪਰਿਭਾਸ਼ਾ "ਵੱਡਾ ਜਾਂ ਸਮੁੱਚਾ ਵਿਨਾਸ਼" ਹੈ ਅਤੇ ਆਕਰਸ਼ਕ ਅਖ਼ਬਾਰਾਂ ਆਪਣੀਆਂ ਸੁਰਖੀਆਂ ਵਿੱਚ ਉਸ ਭਾਵ ਵਿੱਚ ਸ਼ਬਦ ਦੀ ਵਰਤੋਂ ਕਰਦੀਆਂ ਹਨ। ਵਿਨਾਸ਼ ਦੇ ਨਬੀ "ਅਪੋਕਲਿਪਸ" ਸ਼ਬਦ ਦੀ ਵਰਤੋਂ ਕਰਦੇ ਹਨ ਜਦੋਂ ਉਹ ਸੰਸਾਰ ਦੇ ਅੰਤ ਦੀ ਭਵਿੱਖਬਾਣੀ ਕਰਦੇ ਹਨ। ਫਿਰ ਵੀ, ਹਾਲਾਂਕਿ ਇਹ ਪ੍ਰਸਿੱਧ ਵਰਤੋਂ ਸ਼ਬਦਕੋਸ਼ਾਂ ਵਿੱਚ ਮਿਲਦੀ ਹੈ, ਇਹ ਉਸ ਅਰਥ ਤੋਂ ਕਿਤੇ ਦੂਰ ਹੈ ਜਿਸ ਅਰਥ ਵਿੱਚ ਬਾਈਬਲ ਵਿੱਚ ਇਸ ਨੂੰ ਵਰਤਿਆ ਗਿਆ ਹੈ। ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ, "ਅਪੋਕਲਿਪਸ" ਦਾ ਅਰਥ ਹੈ "ਪਰਦਾ ਚੁੱਕਣਾ" ਜਾਂ "ਪਰਕਾਸ਼।"

ਇੱਕ ਹੋਰ ਸ਼ਬਦ ਜਿਸ ਦੇ ਬਾਰੇ ਅਕਸਰ ਸੁਣਿਆ ਜਾਂਦਾ ਹੈ ਉਹ ਹੈ "ਹਰਮਿੱਗਦੋਨ," ਜਿਸ ਨੂੰ "ਵਿਨਾਸ਼ਕਾਰੀ ਲੜਾਈ" ਜਾਂ "ਚੰਗੀਆਂ ਅਤੇ ਬੁਰੀਆਂ ਤਾਕਤਾਂ ਵਿਚਕਾਰ ਆਖ਼ਰੀ ਯੁੱਧ" ਵੀ ਸਮਝਿਆ ਜਾਂਦਾ ਹੈ। ਫਿਰ ਵੀ, ਪਰਕਾਸ਼ ਦੇ ਸੰਬੰਧ ਵਿੱਚ ਇੱਕ ਹੋਰ ਸ਼ਬਦ "ਮਿਲੇਨੀਅਮ" ਹੈ ਜਿਸ ਦਾ ਅਰਥ ਹੈ "ਹਜ਼ਾਰ ਸਾਲ।" ਇਹ ਸ਼ਬਦ ਦੂਜੇ ਹਜ਼ਾਰ ਸਾਲਾਂ ਦੀ ਚਰਚਾ ਦੌਰਾਨ ਹਰੇਕ ਦੀ ਜ਼ੁਬਾਨ ਉੱਤੇ ਸੀ। ਇਹ ਸ਼ਬਦ ਅਕਸਰ ਅਸ਼ੁੱਭ ਅਧਿਸੁਰ ਨਾਲ ਦਿੱਤਾ ਗਿਆ ਸੀ। ਜਿਵੇਂ ਕਿ ਅਸੀਂ ਕਮੈਂਟਰੀ ਵਿੱਚ ਅੱਗੇ ਜਾ ਕੇ ਵੇਖਾਂਗੇ, ਇਨ੍ਹਾਂ ਸਬਦਾਂ ਦੀ ਅੱਜ ਵੀ ਧਾਰਮਿਕ ਦਾਇਰਿਆਂ ਵਿੱਚ ਦੁਰਵਰਤੋਂ ਕੀਤੀ ਜਾਂਦੀ ਹੈ।

ਪਰਕਾਸ਼ ਦੀ ਪੋਥੇ ਦੇ 6 ਅਧਿਆਇ ਵਿੱਚ ਵੀ ਉਹ ਭਾਸ਼ਾ ਹੈ ਜੋ ਅੱਜ ਬਹੁਤ ਹੀ ਪ੍ਰਸਿੱਧ ਹੈ। ਇਸ ਅਧਿਆਇ ਵਿੱਚ, ਯੂਹੰਨਾ ਨੂੰ ਚਾਰ ਪ੍ਰਸਿੱਧ ਘੋੜਸਵਾਰ ਵਿਖਾਏ ਗਏ ਹਨ।

### ਚਾਰ ਘੁੜਸਵਾਰ (6:1-8)

5 ਅਧਿਆਇ ਦੀ ਵਿਸ਼ੇਸ਼ਤਾ ਇਹ ਸੀ ਕਿ ਲੇਲਾ ਮੋਹਰਬੰਦ ਪੋਥੀ ਨੂੰ ਉਸ ਦੇ ਹੱਥੋਂ ਲੈ ਰਿਹਾ ਸੀ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਸੀ (5:7)। ਯੂਹੰਨਾ ਨੇ ਸ਼ਾਇਦ ਸੋਚਿਆ ਹੋਵੇਗਾ ਕਿ ਜਾਂ ਤਾਂ ਉਹ ਖੁਦ ਪੜ੍ਹੇਗਾ ਜੋ ਉਸ ਪੋਥੀ ਵਿੱਚ ਲਿਖਿਆ ਹੋਇਆ ਸੀ ਜਾਂ ਕੋਈ ਹੋਰ ਉਸ ਦੇ ਲਈ ਇਸ ਵਿੱਚ ਲਿਖੀਆਂ ਗੱਲਾਂ ਨੂੰ ਪੜ੍ਹੇਗਾ। ਇਨ੍ਹਾਂ ਗੱਲਾਂ ਨੂੰ ਸੁਣਨ ਜਾਂ ਪੜ੍ਹਨ ਦੀ ਬਜਾਇ, ਉਸ ਨੇ ਪਹਿਲਾਂ ਘੋੜਿਆਂ ਨੂੰ ਤੇਜ਼ੀ ਨਾਲ ਦੌੜਦੇ ਵੇਖਿਆ। ਪੋਥੀ ਇੱਕ "ਉਦਾਹਰਣ ਸਹਿਤ" ਸੰਸਕਰਣ ਨਿਕਲਿਆ ਜਿਸ ਦੇ "ਚਿੱਤਰ" ਇਸ ਪੋਥੀ ਦੇ ਪੰਨੇ ਤੋਂ ਛਲਾਂਗ ਮਾਰ ਕੇ ਯੂਹੰਨਾ ਦੇ ਦਰਸ਼ਣ ਵਿੱਚ ਆ ਗਏ।

ਪਹਿਲੀਆਂ ਚਾਰ ਮੋਹਰਾਂ ਚਾਰ ਘੋੜਿਆਂ ਅਤੇ ਉਸ ਦੇ ਸਵਾਰਾਂ ਨੂੰ ਪਰਗਟ ਕਰਦੀਆਂ

ਹਨ। ਕੁਝ ਮਾਮਲਿਆਂ ਵਿੱਚ, ਇਨ੍ਹਾਂ ਮੋਹਰਾਂ ਦਾ ਪ੍ਰਤੀਕਵਾਦ ਯਹੂਦੀਆਂ ਅਤੇ ਉਸ ਸਮੇਂ ਦੇ ਮਸੀਹੀ ਲੋਕਾਂ ਦੇ ਲਈ ਪ੍ਰਚਲਿਤ ਸੀ। ਘੋੜਾ ਆਮ ਤੌਰ ਤੇ ਯੁੱਧ ਦੇ ਵਿਚਾਰਾਂ ਨੂੰ ਉਕਸਾਉਂਦਾ ਸੀ। "ਘੋੜਾ ਯੁੱਧ ਵਿੱਚ ਵਰਤਿਆ ਜਾਣ ਵਾਲਾ ਜਾਨਵਰ [ਸੀ]: ਬਲਦਾਂ ਨੂੰ ਖੇਤੀਬਾੜੀ ਵਿੱਚ ਵਰਤਿਆ ਜਾਂਦਾ ਸੀ, ਗਧਿਆਂ ਨੂੰ ਆਵਾਜਾਈ ਦੇ ਸਾਧਨ ਲਈ ਵਰਤਿਆ ਜਾਂਦਾ ਸੀ, ਘੋੜਿਆਂ ਨੂੰ ਯੁੱਧ ਵਿੱਚ ਵਰਤਿਆ ਜਾਂਦਾ ਸੀ।"[1] ਘੋੜਿਆਂ ਦੀ ਗਿਣਤੀ ਅਤੇ ਉਨ੍ਹਾਂ ਦਾ ਵੱਖ-ਵੱਖ ਤਰ੍ਹਾਂ ਦੇ ਰੰਗ ਦਾ ਵੀ ਪੁਰਾਣੇ ਨੇਮ ਵਿੱਚ ਪ੍ਰਤੀਰੂਪ ਸੀ। ਜ਼ਕਰਯਾਹ 1:8-10 ਅਤੇ 6:1-7 ਸਾਨੂੰ ਚਾਰ ਵੱਖ-ਵੱਖ ਰੰਗ ਦੇ ਘੋੜਿਆਂ ਬਾਰੇ ਦੱਸਦੀਆਂ ਹਨ ਜੋ ਪਰਮੇਸ਼ੁਰ ਦੀ ਸੇਵਾ ਵਿੱਚ ਵਰਤੇ ਗਏ ਸਨ। ਫਿਰ ਵੀ, ਜ਼ਕਰਯਾਹ ਦੇ ਘੋੜਿਆਂ ਅਤੇ ਪਰਕਾਸ਼ ਦੀ ਪੋਥੀ 6 ਅਧਿਆਇ ਵਿੱਚ ਦਿੱਤੇ ਗਏ ਘੋੜਿਆਂ ਵਿਚਕਾਰ ਮਹੱਤਵਪੂਰਣ ਫ਼ਰਕ ਵੇਖੇ ਜਾ ਸਕਦੇ ਹਨ। ਜ਼ਕਰਯਾਹ ਦੇ ਘੋੜੇ ਰੱਥਾਂ ਨੂੰ ਖਿੱਚ ਰਹੇ ਸਨ, ਜਦ ਕਿ ਪਰਕਾਸ਼ ਦੀ ਪੋਥੀ 6 ਅਧਿਆਇ ਵਿੱਚ ਜੋ ਘੋੜੇ ਸਨ ਉਨ੍ਹਾਂ ਦੇ ਸਵਾਰ ਸਨ। ਜ਼ਕਰਯਾਹ ਵਿੱਚ ਜੋ ਘੋੜੇ ਸਨ ਇੱਕ ਖ਼ਬਰ ਲੈ ਕੇ ਆਏ, ਪਰਕਾਸ਼ ਦੀ ਪੋਥੀ 6 ਅਧਿਆਇ ਵਿੱਚ ਜੋ ਘੋੜੇ ਹਨ ਵੱਡੀ ਤਬਾਹੀ ਲੈ ਕੇ ਆਏ। ਤੀਜਾ ਫ਼ਰਕ ਰੰਗ ਦਾ ਹੈ: ਪਰਕਾਸ਼ ਦੀ ਪੋਥੀ ਵਿੱਚ, ਰੰਗ ਉਸ ਕਿਸਮ ਦੀ ਤਬਾਹੀ ਨਾਲ ਸੰਬੰਧ ਰੱਖਦੇ ਹਨ ਜੋ ਵੱਖ-ਵੱਖ ਘੁੜਸਵਾਰਾਂ ਦੁਆਰਾ ਲਾਗੂ ਕੀਤੀ ਗਈ ਸੀ। ਆਖ਼ਰੀ ਵਿਸ਼ਲੇਸ਼ਣ ਵਿੱਚ, ਅਪੋਕਲਿਪਸ ਦੇ ਚਾਰ ਘੁੜਸਵਾਰ ਅਨੋਖੇ ਹਨ।

ਇਹ ਚਾਰ ਘੁੜਸਵਾਰ ਪਰਕਾਸ਼ ਦੀ ਪੋਥੀ ਵਿੱਚ ਚਾਰ ਪ੍ਰਸਿੱਧ ਰੂਪਾਂ ਵਿੱਚੋਂ ਇੱਕ ਹਨ। ਜਦੋਂ ਬਿਲੀ ਗਰਾਹਮ ਨੇ ਦੁਨੀਆ ਦੇ ਸਵੈ-ਬਰਬਾਦੀ ਰੁਝਾਨਾਂ ਬਾਰੇ ਚਿਤਾਵਨੀ ਦੇਣ ਦੇ ਲਈ ਇੱਕ ਪੁਸਤਕ ਲਿਖੀ, ਉਸ ਨੇ ਇਸ ਨੂੰ *ਅਪਰੋਚਿੰਗ ਹੂਫਬੀਟਸ: ਦ ਫੋਰ ਹੌਰਸਮੈਨ ਆਫ਼ ਦ ਅਪੋਕਲਿਪਸ* ਕਿਹਾ। ਵਿਨਸੈਂਟ ਬਲਾਸਕੋ-ਇਬਾਨੇਜ਼ ਦਾ ਪ੍ਰਸਿੱਧ ਯੁੱਧ-ਵਿਰੋਧੀ ਨਾਵਲ, ਜਿਸ ਤੇ ਬਾਅਦ ਵਿੱਚ ਇੱਕ ਫਿਲਮ ਬਣਾ ਦਿੱਤੀ ਗਈ ਉਸ ਦਾ ਸਿਰਲੇਖ *ਦ ਫੋਰ ਹੌਰਸਮੈਨ ਆਫ਼ ਦ ਅਪੋਕਲਿਪਸ* ਸੀ। ਅਜਿਹੀਆਂ ਰਚਨਾਵਾਂ ਚਾਰ ਘੁੜਸਵਾਰਾਂ ਦੇ ਬਾਰੇ ਕਿਸੇ ਨਾ ਕਿਸੇ ਤਰ੍ਹਾਂ ਗਲਤਫਹਿਮੀ ਨੂੰ ਦਰਸਾਉਂਦੀਆਂ ਹਨ, ਪਰ ਉਹ ਇਸ ਤੱਥ ਦੀ ਉਦਾਹਰਣ ਜ਼ਰੂਰ ਦਿੰਦੀਆਂ ਹਨ ਕਿ ਅਲੰਕਰਤ ਭਾਸ਼ਾ ਹਾਲੇ ਵੀ ਆਧੁਨਿਕ ਮਨ ਦੇ ਨਾਲ ਗੱਲ ਕਰਦੀ ਹੈ। ਪਰਕਾਸ਼ ਦੀ ਪੋਥੀ 6 ਅਧਿਆਇ ਸੰਬੰਧੀ, ਬਰੂਸ ਮੈਟਜ਼ਗਰ ਨੇ ਕਿਹਾ ਹੈ:

> ਪਰਕਾਸ਼ ਦੀ ਪੋਥੀ ਵਿੱਚ ਕੁਝ ਅਧਿਆਇ ਹਨ ਜਿਹੜੇ ਸਾਡੇ ਸਮੇਂ ਨਾਲ ਸਿੱਧੇ ਤੌਰ ਤੇ ਗੱਲ ਕਰਦੇ ਹਨ। . . . ਪੁਸਤਕਾਂ ਵਿੱਚ, ਅਖ਼ਬਾਰਾਂ ਵਿੱਚ, ਰਸਾਲਿਆਂ ਦੇ ਲੇਖਾਂ ਵਿੱਚ ਅਤੇ ਰੇਡੀਓ ਪ੍ਰਸਾਰਣਾਂ ਵਿੱਚ, ਅਸੀਂ ਅਪੋਕਲਿਪਸ ਦੇ ਉਨ੍ਹਾਂ ਚਾਰ ਘੁੜਸਵਾਰਾਂ ਬਾਰੇ ਪੜ੍ਹਦੇ ਅਤੇ ਸੁਣਦੇ ਹਾਂ ਜਿਹੜੇ ਅੱਜ ਵੀ ਘੋੜੇ ਤੇ ਸਵਾਰ ਹੋ ਕੇ ਧਰਤੀ ਉੱਤੇ ਘੁੰਮ ਰਹੇ ਹਨ।[2]

### ਪਹਿਲੀ ਮੋਹਰ (6:1, 2)

**[1]ਜਾਂ ਲੇਲੇ ਨੇ ਓਹਨਾਂ ਸੱਤਾਂ ਮੋਹਰਾਂ ਵਿੱਚੋਂ ਇੱਕ ਨੂੰ ਤੋੜਿਆ ਤਾਂ ਮੈਂ ਡਿੱਠਾ ਅਤੇ ਚੌਹਾਂ ਜੰਤੂਆਂ ਵਿੱਚੋਂ ਇੱਕ ਨੂੰ ਬੱਦਲ ਦੀ ਗਰਜ ਜਿਹੀ ਅਵਾਜ਼ ਨਾਲ ਇਹ ਆਖਦੇ ਸੁਣਿਆ ਭਈ ਆ ਜਾਹ! [2]ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਨੁਕਰਾ ਘੋੜਾ ਹੈ ਅਤੇ ਉਹ ਦੇ ਸਵਾਰ ਕੋਲ ਇੱਕ ਕਮਾਣ ਹੈ। ਫੇਰ ਉਹ ਨੂੰ ਇੱਕ ਮੁਕਟ ਦਿੱਤਾ ਗਿਆ ਅਤੇ ਉਹ ਫਤਹ**

**ਕਰਦਿਆਂ ਅਤੇ ਫਤਹ ਕਰਨ ਨੂੰ ਨਿੱਕਲ ਤੁਰਿਆ।**

**ਆਇਤ 1.** ਯੂਹੰਨਾ ਨੇ ਲਿਖਿਆ, **ਤਾਂ ਮੈਂ ਡਿੱਠਾ ਅਤੇ ਚੌਹਾਂ ਜੰਤੂਆਂ ਵਿੱਚੋਂ ਇੱਕ ਨੂੰ ਬੱਦਲ ਦੀ ਗਰਜ ਜਿਹੀ ਅਵਾਜ਼ ਨਾਲ ਇਹ ਆਖਦੇ ਸੁਣਿਆ ਭਈ ਆ ਜਾਹ!** ਕਿਉਂਕਿ ਬਾਕੀ **ਜੰਤੂਆਂ** ਨੂੰ "ਦੂਜੇ" (ਆਇਤ 3), "ਤੀਜੇ" (ਆਇਤ 5) ਅਤੇ "ਚੌਥੇ" (ਆਇਤ 7) ਜੰਤੂ ਵਜੋਂ ਪਛਾਣਿਆ ਗਿਆ ਹੈ, ਇਹ ਪਰਤੱਖ ਰੂਪ ਵਿੱਚ "ਪਹਿਲਾ" ਸੀ, ਜਿਹੜਾ ਕਿ "ਬਬਰ ਸ਼ੇਰ" (4:7) ਵਰਗਾ ਸੀ। (ਚਾਰੇ ਜੰਤੂਆਂ ਦੇ ਵਰਣਨ ਲਈ, 4:7 ਤੇ ਟਿੱਪਣੀਆਂ ਵੇਖੋ।) ਪੁਰਾਣੇ ਜ਼ਮਾਨੇ ਦੀਆਂ ਕੁਝ ਹੱਥਲਿਖਤਾਂ ਵਿੱਚ "ਆ ਅਤੇ ਵੇਖ" ਹੈ (KJV), ਜੋ ਇਹ ਸੁਝਾਅ ਦਿੰਦਾ ਹੈ ਕਿ ਯੂਹੰਨਾ ਨੂੰ ਸੰਬੋਧਿਤ ਕੀਤਾ ਗਿਆ ਸੀ। ਫਿਰ ਵੀ, ਸਮੁੱਚੇ ਤੌਰ ਤੇ ਹੱਥਲਿਖਤ ਪ੍ਰਮਾਣ, **ਆ** ਦਾ ਸਮਰਥਨ ਕਰਦਾ ਹੈ, ਜੋ ਸ਼ਾਇਦ ਘੁੜਸਵਾਰਾਂ ਦੇ ਲਈ ਇੱਕ ਹੁਕਮ ਹੈ।

**ਆਇਤ 2.** ਜਦੋਂ ਪਹਿਲੀ ਮੋਹਰ ਤੋੜੀ ਗਈ ਸੀ, ਯੂਹੰਨਾ ਨੇ **ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਨੁਕਰਾ ਘੋੜਾ ਹੈ ਅਤੇ ਉਹ ਦੇ ਸਵਾਰ ਕੋਲ ਇੱਕ ਕਮਾਣ ਹੈ।** ਫੇਰ ਉਹ ਨੂੰ ਇੱਕ ਮੁਕਟ ਦਿੱਤਾ ਗਿਆ ਅਤੇ ਉਹ ਫਤਹ ਕਰਦਿਆਂ ਅਤੇ ਫਤਹ ਕਰਨ ਨੂੰ ਨਿੱਕਲ ਤੁਰਿਆ। ਆਇਤ 2 ਵਿੱਚ ਅਲੰਕਾਰ ਪਾਰਥੀ ਘੁੜਸਵਾਰ ਦੀ ਯਾਦ ਦਿਵਾਉਣ ਵਾਲਾ ਹੈ ਜਿਸ ਨੂੰ ਕਮਾਣਾਂ ਅਤੇ ਮੁਕਟਾਂ ਨਾਲ ਦਰਸਾਇਆ ਗਿਆ ਸੀ (ਵੇਖੋ *ਜਾਣ-ਪਛਾਣ, ਚਿੰਨ੍ਹ ਅਤੇ ਨਿਸ਼ਾਨ, ਵੱਖ ਵੱਖ ਕਿਸਮ ਦੇ ਚਿੰਨ੍ਹ, 3. ਚਿੰਨ੍ਹ ਇਤਹਾਸਕ ਪਿਛੋਕੜ ਉੱਤੇ ਅਧਾਰਿਤ ਹਨ, ਰੋਮ ਦਾ ਇੱਕ ਵੈਰੀ: ਪਾਰਥੀਆ*)। ਕਈਆਂ ਦਾ ਮੰਨਣਾ ਹੈ ਕਿ ਇਹ ਪ੍ਰਤੀਕਵਾਦ ਇਸ ਦੀ ਇੱਕ ਭਵਿੱਖਬਾਣੀ ਹੈ ਕਿ ਰੋਮ ਪਾਰਥੀਆਂ ਦੇ ਹੱਥੋਂ ਦੁੱਖ ਭੋਗੇਗਾ; ਕਈਆਂ ਦਾ ਮੰਨਣਾ ਹੈ ਕਿ ਇਹ ਅਲੰਕਾਰ ਕਿਸੇ ਵੀ ਫਤਹ ਪਾਉਣ ਵਾਲੀ ਤਾਕਤ ਨੂੰ ਦਰਸਾਉਂਦਾ ਹੈ ਫਿਰ ਭਾਵੇਂ ਉਹ ਪਾਰਥੀਆ, ਰੋਮ, ਜਾਂ ਕੋਈ ਹੋਰ ਜੇਤੂ ਕੌਮ ਹੋਵੇ।

ਇਸ ਸਵਾਰ ਦੇ ਕੋਲ ਇੱਕ **ਕਮਾਣ** ਹੈ, ਇੱਕ ਅਜਿਹਾ ਹਥਿਆਰ ਜੋ ਸੈਨਾ ਦੀ ਤਾਕਤ ਦਾ ਪ੍ਰਤੀਕ ਸੀ (ਵੇਖੋ ਜ਼ਬੂਰ 46:9; ਯਿਰਮਿਯਾਹ 51:56; ਹਿਜ਼ਕੀਏਲ 39:3, 9; ਹੋਸ਼ੇਆ 1:5)। ਇਸ ਪਹਿਲੀ ਮੋਹਰ ਦਾ ਜ਼ਿਆਦਾਤਰ ਪ੍ਰਤੀਕਵਾਦ ਜਿੱਤ ਦੇ ਵਿਸ਼ੇ ਨਾਲ ਸੰਬੰਧ ਰੱਖਦਾ ਹੈ: "ਪੁਰਾਣੇ ਜ਼ਮਾਨੇ ਵਿੱਚ ਨੁਕਰਾ ਘੋੜਾ ਜਿੱਤ ਦਾ ਪ੍ਰਤੀਕ ਹੁੰਦਾ ਸੀ।"[3] ਸਵਾਰ ਨੂੰ ਜਿਹੜਾ **ਮੁਕਟ** ਦਿੱਤਾ ਗਿਆ ਸੀ ਰਾਜ ਕਰਨ ਵਾਲਾ ਮੁਕਟ, διάδημα (*ਡਿਆਡੇਮਾ*) ਨਹੀਂ ਸੀ, ਪਰ ਜਿੱਤ ਦਾ ਮੁਕਟ, στέφανος (*ਸਟੀਫਾਨੋਸ*) ਸੀ (2:10 ਤੇ ਟਿੱਪਣੀਆਂ ਵੇਖੋ)। ਇਸ ਤੋਂ ਇਲਾਵਾ, **ਫਤਹ ਕਰਦਿਆਂ** ਅਤੇ **ਫਤਹ ਕਰਨ ਨੂੰ** ਸ਼ਬਦ νίκη (*ਨਾਈਕ*) ਦੇ ਕਿਰਿਆ ਰੂਪ ਤੋਂ ਹਨ ਜਿਸ ਦਾ ਅਨੁਵਾਦ "ਜਿੱਤ" ਕੀਤਾ ਗਿਆ ਸੀ।

ਕੀ ਸਾਡੇ ਲਈ ਇਸ ਜੇਤੂ ਸਵਾਰ ਨੂੰ ਪਛਾਣਨਾ ਸੰਭਵ ਹੈ? ਇਹ ਸੱਚਾਈ ਕਿ ਚੌਥੇ ਘੁੜਸਵਾਰ ਨੂੰ "ਮੌਤ" (ਆਇਤ 8) ਵਜੋਂ ਪਛਾਣਿਆ ਗਿਆ ਹੈ, ਇਹ ਸੁਝਾਅ ਦਿੰਦਾ ਹੈ ਕਿ ਹਰੇਕ ਸਵਾਰ ਨੂੰ ਇੱਕ ਆਮ ਨਾਂ ਦਿੱਤਾ ਜਾ ਸਕਦਾ ਹੈ। ਅਜਿਹੀ ਹਾਲਤ ਵਿੱਚ, ਅਸੀਂ ਪੁੱਛਦੇ ਹਾਂ, "ਉਹ ਜਿਹੜਾ ਨੁਕਰੇ ਘੋੜੇ ਤੇ ਸਵਾਰ ਹੈ ਕਿਸ ਨੂੰ ਜਾਂ ਕੀ ਦਰਸਾਉਂਦਾ ਹੈ?"

ਜਿਹੜੇ "ਲਗਾਤਾਰ-ਇਤਹਾਸਕ" ਦ੍ਰਿਸ਼ਟੀਕੋਣ ਦੀ ਵਰਤੋਂ ਕਰਦੇ ਹਨ ਉਨ੍ਹਾਂ ਨੇ ਜਿਹੜਾ **ਨੁਕਰੇ ਘੋੜੇ** ਤੇ ਸਵਾਰ ਹੈ ਉਸ ਨੂੰ ਇੱਕ ਵਿਸ਼ੇਸ਼ ਇਤਹਾਸਕ ਚਰਿੱਤਰ ਵਜੋਂ ਪਛਾਣਨ ਦੀ ਕੋਸ਼ਿਸ਼ ਕੀਤੀ ਹੈ। ਜਿਹੜੇ ਲੋਕ "ਭਵਿੱਖਵਾਦੀ" ਦ੍ਰਿਸ਼ਟੀਕੋਣ (ਹਜ਼ਾਰ ਵਰ੍ਹੇ ਦੇ ਰਾਜ ਦੀ ਸਿੱਖਿਆ

ਦੇਣ ਵਾਲੇ) ਨੂੰ ਮੰਨਦੇ ਹਨ ਆਮ ਤੌਰ ਤੇ ਇਸ ਸਵਾਰ ਨੂੰ “ਮਸੀਹ ਦੇ ਵਿਰੋਧੀ” (ਉਹ ਜਿਸ ਨੂੰ ਉਹ ਇੱਕ ਵਿਸ਼ੇਸ਼ ਵਿਅਕਤੀ ਸਮਝਦੇ ਹਨ) ਵਜੋਂ ਪਛਾਣਦੇ ਹਨ, ਇਸ ਤੱਥ ਦੇ ਬਾਵਜੂਦ ਵੀ ਕਿ ਲਿਖਤ ਕਿਸੇ ਵੀ ਥਾਂ ਤੇ ਇਸ ਦਾ ਸੁਝਾਅ ਨਹੀਂ ਦਿੰਦੀ। ਇੱਕ ਨਿਯਮ ਦੇ ਤੌਰ ਤੇ, ਹਾਲਾਂਕਿ ਕੋਈ ਛੋਟਾਂ ਨਹੀਂ ਹਨ, ਸੰਕੇਤਕ ਵਰਣਨਾਂ ਨੂੰ ਵਿਸ਼ੇਸ਼ ਇਤਹਾਸਕ ਵਿਅਕਤੀਆਂ ਨਾਲ ਨਹੀਂ ਜੋੜਿਆ ਗਿਆ ਹੈ।

ਕਈਆਂ ਦਾ ਮੰਨਣਾ ਹੈ ਕਿ ਇਹ ਸਵਾਰ ਯਿਸੂ ਸੀ। ਆਖ਼ਰਕਾਰ, ਅਧਿਆਇ 19 ਵਿੱਚ ਮਸੀਹ ਨੁਕਰੇ ਘੋੜੇ ਤੇ ਸਵਾਰ ਹੋ ਕੇ ਪਰਗਟ ਹੁੰਦਾ ਹੈ। ਇਸ ਵਿਚਾਰ ਨੂੰ ਮੰਨਣ ਵਾਲੇ ਬਹੁਤ ਲੋਕ ਹਨ ਅਤੇ ਸ਼ਾਇਦ ਇਹ ਸਹੀ ਵੀ ਹੈ।[4] ਫਿਰ ਵੀ, ਬਹੁਤ ਸਾਰੇ ਲੋਕ ਉਸ ਸਿੱਟੇ ਨੂੰ ਮੰਨਦੇ ਹਨ ਜੋ ਫਰੈਂਕ ਪੈਕ ਦੁਆਰਾ ਵਿਅਕਤ ਕੀਤਾ ਗਿਆ ਸੀ: “ਇਸ ਘੋੜੇ ਅਤੇ ਸਵਾਰ ਅਤੇ ਘੁੜਸਵਾਰ ਵਿਚਕਾਰ ਇਕਮਾਤਰ ਸਮਾਨਤਾ ਜਿਸ ਦਾ ਵਰਣਨ 19:11 ਵਿੱਚ ਕੀਤਾ ਗਿਆ ਹੈ . . . ਉਹ ਹੈ ਘੋੜੇ ਦਾ ਰੰਗ।”[5] ਹੇਠਾਂ ਦਿੱਤੀਆਂ ਕੁਝ ਭਿੰਨਤਾਵਾਂ ਤੇ ਧਿਆਨ ਦਿਓ:

| ਪਹਿਲਾ ਸਵਾਰ (ਪਰਕਾਸ਼ 6:2) | ਯਿਸੂ (ਪਰਕਾਸ਼ 19:11-16) |
|---|---|
| ਇੱਕ ਮੁਕਟ | ਬਹੁਤ ਸਾਰੇ ਮੁਕਟ (ਆਇਤ 12) |
| ਜਿੱਤ ਵਾਲਾ ਮੁਕਟ (*ਸਟੀਫਾਨੋਸ*) | ਰਾਜ ਕਰਨ ਵਾਲੇ ਮੁਕਟ (*ਡਿਆਡੇਮਾਟਾ*) (ਆਇਤ 12) |
| ਉਸ ਦੇ ਕੋਲ ਕਮਾਣ ਹੈ | ਉਸ ਦੇ ਕੋਲ ਤਲਵਾਰ ਹੈ (ਆਇਤ 15) |
| ਉਸ ਦੇ ਮਗਰ ਤਿੰਨ ਘੁੜਸਵਾਰ ਆਉਂਦੇ ਹਨ | ਉਸ ਦੇ ਮਗਰ ਸੁਰਗੀ ਫੌਜ ਆਉਂਦੀ ਹੈ (ਆਇਤ 14) |
| ਉਸ ਦਾ ਕੋਈ ਨਾਮ ਨਹੀਂ ਹੈ | ਉਸ ਨੂੰ ਨਾਮ ਦਿੱਤਾ ਗਿਆ ਹੈ (ਆਇਤਾਂ 11-13, 16) |
| ਉਸ ਦੇ ਕਿਸੇ ਬਸਤਰ ਦਾ ਜ਼ਿਕਰ ਨਹੀਂ ਕੀਤਾ ਗਿਆ | ਉਸ ਦਾ ਬਸਤਰ ਲਹੂ ਨਾਲ ਭਿੱਜਾ ਹੋਇਆ ਸੀ (ਆਇਤਾਂ 13, 16) |
| ਫਤਹ ਪਾਉਣ ਵਾਲਾ | ਨਿਆਂ ਕਰਨ ਵਾਲਾ (ਆਇਤਾਂ 11, 15) |

ਸੰਦਰਭ ਇਸ ਵਿਚਾਰ ਦਾ ਸਮਰਥਨ ਕਰਦਾ ਪ੍ਰਤੀਤ ਹੁੰਦਾ ਹੈ ਕਿ ਪਹਿਲੇ ਸਵਾਰ ਨੂੰ ਬਾਕੀ ਤਿੰਨ ਸਵਾਰਾਂ ਨਾਲ ਪਛਾਣਿਆ ਜਾਣਾ ਚਾਹੀਦਾ ਹੈ, ਵਿਨਾਸ਼ਕਾਰੀ ਤਾਕਤਾਂ ਦਾ ਇੱਕ ਜ਼ਰੂਰੀ ਹਿੱਸਾ ਹੈ ਜਿਨ੍ਹਾਂ ਨੂੰ ਧਰਤੀ ਤੇ ਅਜ਼ਾਦ ਛੱਡ ਦਿੱਤਾ ਗਿਆ ਹੈ। ਇਨ੍ਹਾਂ ਗੱਲਾਂ ਤੇ ਧਿਆਨ ਕਰੋ: ਸਾਰੇ ਸਵਾਰਾਂ ਦੀ ਜਾਣ-ਪਛਾਣ ਇੱਕੋ ਜਿਹੇ ਤਰੀਕੇ ਨਾਲ ਕਰਵਾਈ ਗਈ ਸੀ, ਹਰੇਕ ਦੀ ਚਾਰ ਜੰਤੂਆਂ ਵਿੱਚੋਂ ਇੱਕ ਨਾਲ; ਚਾਰ ਜੰਤੂਆਂ ਵਿੱਚੋਂ ਕਿਸੇ ਨੇ ਹੋਰ ਮੋਹਰਾਂ ਨੂੰ ਪੇਸ਼ ਨਹੀਂ ਕੀਤਾ। ਚਾਰ ਘੁੜਸਵਾਰਾਂ ਪਰਤੱਖ ਰੂਪ ਵਿੱਚ ਇੱਕ ਇਕਾਈ ਵਜੋਂ ਕੰਮ ਕੀਤਾ: ਹਰ ਇੱਕ ਦੂਜੇ ਦਾ ਪੂਰਕ ਬਣਿਆ। ਇਸ ਤੋਂ ਇਲਾਵਾ, “ਚਾਰ” “ਕਾਇਨਾਤੀ ਅੰਕ” ਹੈ – ਅਜਿਹਾ ਅੰਕ ਜਿਸ ਦਾ ਸੰਬੰਧ ਇਸ ਧਰਤੀ ਨਾਲ ਹੈ – ਸੁਝਾਅ ਦੇ ਰਿਹਾ ਹੈ ਕਿ ਚਾਰ ਘੁੜਸਵਾਰ ਇੱਕ ਇਕਾਈ ਦੇ ਰੂਪ ਵਿੱਚ ਧਰਤੀ ਦੀ ਬਰਬਾਦੀ ਵਿੱਚ ਸ਼ਾਮਲ ਸਨ।

ਇਸ ਵਿਚਾਰ ਦਾ ਸਮਰਥਨ ਕਰਨ ਦੇ ਲਈ ਹੋਰ ਦਲੀਲਾਂ ਜੋ ਦਿੱਤੀਆਂ ਜਾਂਦੀਆਂ ਹਨ ਉਹ ਇਹ ਹਨ ਕਿ ਨੁਕਰੇ ਘੋੜੇ ਤੇ ਜੋ ਸਵਾਰ ਸੀ ਉਹ ਮਸੀਹ ਨਹੀਂ ਸੀ। ਉਦਾਹਰਣ ਦੇ ਲਈ, ਲੇਲੇ (ਮਸੀਹ) ਦੇ ਲਈ ਪਹਿਲੀ ਮੋਹਰ ਨੂੰ ਤੋੜ ਕੇ ਤੁਰੰਤ ਨੁਕਰੇ ਘੋੜੇ ਤੇ ਸਵਾਰ ਹੋਣਾ ਥੋੜ੍ਹਾ

ਜਿਹਾ ਬੇਤੁਕਾ ਪ੍ਰਤੀਤ ਹੁੰਦਾ ਹੈ। ਫੇਰ, ਜਦੋਂ 19 ਅਧਿਆਇ ਵਿੱਚ ਮਸੀਹ ਨੁਕਰੇ ਘੋੜੇ ਤੇ ਪਰਗਟ ਹੋਇਆ, ਯੂਹੰਨਾ ਨੇ "ਵੇਖਦਾ ਹਾਂ" ਸ਼ਬਦ ਵਰਤਿਆ (19:11), ਜੋ ਕਿ ਹੈਰਾਨਗੀ ਅਤੇ ਉਤਸ਼ਾਹ ਵੱਲ ਇਸ਼ਾਰਾ ਕਰ ਰਿਹਾ ਹੈ। ਇਸ ਦੀ ਤੁਲਨਾ ਵਿੱਚ ਕਿ ਇਹ ਇੱਕ ਦੁਹਰਾਇਆ ਜਾਣ ਵਾਲਾ ਪ੍ਰਦਰਸ਼ਣ ਸੀ ਸੰਭਵ ਤੌਰ ਤੇ ਯੂਹੰਨਾ ਉਤਸ਼ਾਹਿਤ ਅਤੇ ਹੈਰਾਨ ਹੋਇਆ ਹੋਵੇਗਾ ਜੇਕਰ ਉਹ ਪਹਿਲੀ ਵਾਰ ਯਿਸੂ ਨੂੰ ਜਿੱਤ ਵਾਲੇ ਨੁਕਰੇ ਘੋੜੇ ਤੇ ਸਵਾਰ ਹੁੰਦਾ ਵੇਖ ਰਿਹਾ ਸੀ।

ਭਾਵੇਂ ਕੋਈ ਇਹ ਸਮਝੇ ਕਿ ਨੁਕਰੇ ਘੋੜੇ ਤੇ ਜੋ ਸਵਾਰ ਸੀ ਮਸੀਹ ਹੈ ਜਾਂ ਇਹ ਸਮਝਦਾ ਹੋਵੇ ਕਿ ਉਹ ਮਸੀਹ ਨਹੀਂ ਹੈ, ਚਾਰ ਘੁੜਸਵਾਰਾਂ ਸੰਬੰਧੀ ਮੂਲ ਸਿੱਟਾ ਇੱਕੋ ਜਿਹਾ ਹੀ ਹੋਵੇਗਾ: *ਪਹਿਲੀਆਂ ਚਾਰ ਮੋਹਰਾਂ ਇੱਕ ਵਫ਼ਾਦਾਰ ਵਿਸ਼ਵਾਸੀ ਹੋਣ ਦੀ ਮੁਸ਼ਕਲ ਦਾ ਐਲਾਨ ਕਰਦੀਆਂ ਹਨ*। ਮੁੱਖ ਫ਼ਰਕ ਇਹ ਹੈ ਕਿ ਮਸੀਹੀ ਵਿਅਕਤੀ ਦੇ ਲਈ ਕਸ਼ਟ *ਪਹਿਲੇ* ਸਵਾਰ ਨਾਲ ਸ਼ੁਰੂ ਹੁੰਦਾ ਹੈ ਜਾਂ *ਦੂਜੇ* ਸਵਾਰ ਨਾਲ।

ਅਧਿਆਇ 6 ਵਿੱਚ ਨੁਕਰੇ ਘੋੜੇ ਵਾਲਾ ਸਵਾਰ ਸ਼ਾਇਦ 19 ਅਧਿਆਇ ਵਿੱਚ ਨੁਕਰੇ ਘੋੜੇ ਵਾਲੇ ਸਵਾਰ (ਮਸੀਹ) ਦੇ ਲਈ ਇੱਕ *ਤੁਲਨਾ* ਵਜੋਂ ਦਿੱਤਾ ਗਿਆ ਸੀ: ਅਧਿਆਇ 6 ਵਿੱਚ ਘੁੜਸਵਾਰ ਜੇਤੂ *ਜਾਪਦਾ* ਹੈ, ਪਰ *ਅਸਲੀ* ਜੇਤੂ ਯਿਸੂ ਹੋਵੇਗਾ। ਪਰਕਾਸ਼ ਦੀ ਪੋਥੀ ਜਿੱਤ ਨੂੰ ਦੁਸ਼ਟ ਦੀਆਂ ਤਾਕਤਾਂ ਦੇ ਮੱਥੇ ਮੜ੍ਹਨੋ ਨਹੀਂ ਝਿੱਜਕਦੀ ਹੈ (ਵੇਖੋ 13:7)। ਇਹ ਜਿੱਤ ਥੋੜ੍ਹੇ ਹੀ ਸਮੇਂ ਦੇ ਲਈ ਸੀ, ਪਰ ਫਿਰ ਵੀ ਇਹ ਇੱਕ ਜਿੱਤ ਸੀ।

ਜੇਕਰ ਪਹਿਲਾ ਸਵਾਰ ਮਸੀਹ ਨਹੀਂ ਹੈ, ਉਸ ਨੂੰ ਕਿਸ ਦਾ ਨਾਂ ਦਿੱਤਾ ਜਾ ਸਕਦਾ ਹੈ? "ਸਾਮਰਾਜਵਾਦ" ਜਾਂ "ਲਾਲਚ" ਬਾਰੇ ਕੀ ਹੈ? "ਸਾਮਰਾਜਵਾਦ" ਦੀ ਪਰਿਭਾਸ਼ਾ "ਪ੍ਰਦੇਸ਼ਕ ਪ੍ਰਾਪਤੀ ਦੁਆਰਾ ਜਾਂ ਹੋਰ ਦੇਸ਼ਾਂ ਤੇ ਆਰਥਿਕ ਅਤੇ ਰਾਜਨੀਤਿਕ (ਪ੍ਰਭਾਵ) ਦੀ ਸਥਾਪਨਾ ਦੁਆਰਾ ਦੇਸ਼ ਦੀ ਵਿਸਤਾਰ ਨੀਤੀ" ਦਿੱਤੀ ਗਈ ਹੈ। ਇਸ ਸ਼ਬਦ ਦੀ ਸਾਡੀ ਵਰਤੋਂ ਵਿੱਚ, ਸਾਡੇ ਮਨ ਵਿੱਚ *ਦੂਜਿਆਂ ਤੇ ਕਾਬੂ ਪਾਉਣ ਦੀ ਇੱਛਾ* ਹੈ। ਵਿਸ਼ਵਵਿਆਪੀ ਲੜਾਈ ਅਕਸਰ ਇਸ ਸਮੂਹ ਦੀ ਉਸ ਦੇ ਲਈ ਭੋਗ ਬਿਲਾਸ ਦੁਆਰਾ ਸ਼ੁਰੂ ਹੋਇਆ ਹੈ ਜੋ ਕਿਸੇ ਹੋਰ ਦਾ ਹੈ। ਲਾਲਚ ਦਾ ਸਾਹਮਣਾ ਹਮੇਸ਼ਾ ਵਿਰੋਧ ਨਾਲ ਹੁੰਦਾ ਹੈ ਅਤੇ ਇਸ ਦਾ ਨਤੀਜਾ ਲੜਾਈ-ਝਗੜਾ ਹੀ ਹੁੰਦਾ ਹੈ। ਜਦੋਂ ਯਾਕੂਬ ਨੇ ਝਗੜੇ ਦੇ ਸਰੋਤ ਦੀ ਗੱਲ ਕੀਤੀ – ਭਾਵੇਂ ਉਹ ਅੰਤਰਰਾਸ਼ਟਰੀ, ਰਾਸ਼ਟਰੀ, ਜਾਂ ਨਿੱਜੀ ਹੋਵੇ – ਉਸ ਨੇ ਲਿਖਿਆ, "ਲੜਾਈਆਂ ਕਿੱਥੋਂ ਅਤੇ ਝਗੜੇ ਕਿੱਥੋਂ ਤੁਹਾਡੇ ਵਿੱਚ ਆਉਂਦੇ ਹਨ? ਕੀ ਐਥੋਂ ਨਹੀਂ ਅਰਥਾਤ ਤੁਹਾਡਿਆਂ ਭੋਗ ਬਿਲਾਸਾਂ ਤੋਂ ਜਿਹੜੇ ਤੁਹਾਡੀਆਂ ਇੰਦਰੀਆਂ ਵਿੱਚ ਜੁੱਧ ਕਰਦੇ ਹਨ?" (ਯਾਕੂਬ 4:1; KJV)। ਇਸ ਤਰ੍ਹਾਂ ਪਹਿਲਾ ਸਵਾਰ ਦੂਜੇ ਸਵਾਰ ਲਈ ਦ੍ਰਿਸ਼ ਨੂੰ ਤਿਆਰ ਕਰਦਾ ਹੈ: ਯੁੱਧ।

**ਦੂਜੀ ਮੋਹਰ (6:3, 4)**

**3ਜਾਂ ਉਹ ਨੇ ਦੂਜੀ ਮੋਹਰ ਤੋੜੀ ਤਾਂ ਮੈਂ ਦੂਜੇ ਜੰਤੂ ਨੂੰ ਇਹ ਆਖਦੇ ਸੁਣਿਆ ਭਈ ਆ ਜਾਹ! 4ਤਾਂ ਇੱਕ ਹੋਰ ਘੋੜਾ ਨਿੱਕਲਿਆ ਜੋ ਲਾਲ ਸੀ ਅਤੇ ਉਹ ਦੇ ਸਵਾਰ ਨੂੰ ਇਹ ਦਿੱਤਾ ਗਿਆ ਭਈ ਧਰਤੀ ਉੱਤੋਂ ਸੁਲਾਹ ਨੂੰ ਚੁੱਕ ਸੁੱਟੇ ਅਤੇ ਇਹ ਜੋ ਮਨੁੱਖ ਇੱਕ ਦੂਏ ਨੂੰ ਮਾਰ ਘੱਤਣ ਅਤੇ ਇੱਕ ਵੱਡੀ ਸਾਰੀ ਤਲਵਾਰ ਉਹ ਨੂੰ ਫੜਾਈ ਗਈ।**

**ਆਇਤ 3.** ਯੂਹੰਨਾ ਦਾ ਦਰਸ਼ਣ ਜਾਰੀ ਰਿਹਾ। **ਜਾਂ ਉਹ ਨੇ ਦੂਜੀ ਮੋਹਰ ਤੋੜੀ ਤਾਂ ਮੈਂ ਦੂਜੇ**

**ਜੰਤੂ ਨੂੰ ਇਹ ਆਖਦੇ ਸੁਣਿਆ ਭਈ "ਆ ਜਾਹ!"** (ਆਇਤ 1 ਤੇ ਟਿੱਪਣੀਆਂ ਵੇਖੋ)।

**ਆਇਤ 4. ਤਾਂ ਇੱਕ ਹੋਰ ਘੋੜਾ ਨਿੱਕਲਿਆ ਜੋ ਲਾਲ ਸੀ ਅਤੇ ਉਹ ਦੇ ਸਵਾਰ ਨੂੰ ਇਹ ਦਿੱਤਾ ਗਿਆ ਭਈ ਧਰਤੀ ਉੱਤੋਂ ਸੁਲਾਹ ਨੂੰ ਚੁੱਕ ਸੁੱਟੇ ਅਤੇ ਇਹ ਜੋ ਮਨੁੱਖ ਇੱਕ ਦੂਏ ਨੂੰ ਮਾਰ ਘੱਤਣ ਅਤੇ ਇੱਕ ਵੱਡੀ ਸਾਰੀ ਤਲਵਾਰ ਉਹ ਨੂੰ ਫੜਾਈ ਗਈ। ਲਾਲ** ਸ਼ਬਦ ਦਾ ਅਨੁਵਾਦ ਯੂਨਾਨੀ ਭਾਸ਼ਾ ਦੇ ਸ਼ਬਦ πυρρός (*ਪੁਰੋਸ*) ਤੋਂ ਕੀਤਾ ਗਿਆ ਹੈ, ਜਿਹੜਾ ਕਿ ਯੂਨਾਨੀ ਸ਼ਬਦ πῦρ (*ਪੁਰ*), "ਅੱਗ" ਨਾਲ ਸੰਬੰਧ ਰੱਖਦਾ ਹੈ। CEV ਬਾਈਬਲ ਵਿੱਚ "ਭਖਦਾ ਲਾਲ" ਹੈ। **ਮਾਰ** ਘੱਤਣ ਸ਼ਬਦ ਕਿਰਿਆ σφάζω (*ਸਫਾਜ਼ੋ*) ਹੈ ਜਿਸ ਦਾ ਅਨੁਵਾਦ 5:6, 9, 12 ਵਿੱਚ "ਕੋਹਿਆ ਗਿਆ" ਵੀ ਕੀਤਾ ਗਿਆ ਹੈ। CEV ਬਾਈਬਲ ਵਿੱਚ ਹੈ "ਇਸ ਕਰਕੇ ਕਿ ਲੋਕ ਇੱਕ ਦੂਜੇ ਨੂੰ ਵੱਢ ਸੁੱਟਣਗੇ।" **ਤਲਵਾਰ** ਸ਼ਬਦ ਦਾ ਅਨੁਵਾਦ 1:16 ਅਤੇ 2:12 ਵਿੱਚ ਅਨੁਵਾਦ ਕੀਤੇ ਗਏ "ਤਲਵਾਰ" ਸ਼ਬਦ ਨਾਲੋਂ ਵੱਖ-ਵੱਖ ਯੂਨਾਨੀ ਸ਼ਬਦ ਵਿੱਚ ਕੀਤਾ ਗਿਆ ਹੈ। ਇਨ੍ਹਾਂ ਆਰੰਭਕ ਬੰਦਾਂ ਵਿੱਚ, ਜਿਹੜਾ ਸ਼ਬਦ ਵਰਤਿਆ ਗਿਆ ਹੈ ਉਹ ਹੈ ῥομφαία (*ਰਹੋਮਫਈਆ*)। ਇੱਥੇ ਜਿਹੜਾ ਯੂਨਾਨੀ ਸ਼ਬਦ ਵਰਤਿਆ ਗਿਆ ਹੈ ਉਹ ਹੈ μάχαιρα (*ਮਛੇਰਾ*), ਨਜ਼ਦੀਕੀ-ਯੁੱਧ ਵਾਲੀ ਤਲਵਾਰ ਜੋ ਰੋਮੀ ਫੌਜ ਦੁਆਰਾ ਵਰਤੀ ਜਾਂਦੀ ਸੀ। *ਮਛੇਰਾ* ਟੇਢੀ ਧਾਰ ਵਾਲੀ ਤਲਵਾਰ ਨਹੀਂ ਸੀ ਜੋ ਕਿ ਮੁੱਖ ਤੌਰ ਤੇ ਜਾਜਕਾਂ ਦੁਆਰਾ ਇੱਕ ਬਲੀਦਾਨ ਕਰਨ ਵਾਲੀ ਛੁਰੀ ਵਜੋਂ ਵਰਤੀ ਜਾਂਦੀ ਸੀ, ਜਿਵੇਂ ਕਿ ਕਈਆਂ ਨੇ ਸੋਚਿਆ ਸੀ। ਇਸ ਤਲਵਾਰ ਨੂੰ ਇਸ ਲਈ ਵੱਡੀ ਨਹੀਂ ਸੀ ਕਿਹਾ ਗਿਆ ਕਿਉਂਕਿ ਇਹ ਵੱਡੀ ਸੀ: *ਮਛੇਰਾ* ਦੇ ਨਮੂਨੇ ਜੋ ਪੋਮਪੀ ਦੇ ਖੰਡਰਾਂ ਵਿੱਚ ਮਿਲੇ ਸਨ ਸਿਰਫ ਸਾਢੇ ਉੱਨੀ ਇੰਚ ਲੰਬੇ ਅਤੇ ਦੋ ਇੰਚ ਚੌੜੇ ਸਨ। ਬਲਕਿ, ਤਲਵਾਰ ਨੂੰ ਇਸ ਲਈ "ਵੱਡੀ" ਕਿਹਾ ਗਿਆ ਸੀ ਕਿਉਂਕਿ ਇਹ ਰੋਮ ਦੀਆਂ ਸੈਨਕ ਜਿੱਤਾਂ ਵਿੱਚ ਇੱਕ ਪ੍ਰਮੁੱਖ ਪਹਿਲੂ ਸੀ।

ਪਹਿਲੇ ਸਵਾਰ ਦੀ ਪਛਾਣ ਬਾਰ ਜਿਹੜਾ ਕਿ ਨੁਕਰੇ ਘੋੜੇ ਤੇ ਸਵਾਰ ਸੀ ਅਸਿਹਮਤੀ ਹੋ ਸਕਦੀ ਹੈ, ਪਰ ਦੂਜੇ ਸਵਾਰ ਨੂੰ ਨਾਂ ਦੇਣ ਵਿੱਚ ਕੋਈ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ: ਉਹ ਲਾਲ ਘੋੜੇ ਤੇ ਸਵਾਰ ਸੀ, ਉਹ ਧਰਤੀ ਤੋਂ ਸ਼ਾਂਤੀ ਲੈ ਕੇ ਗਿਆ, ਉਸ ਨੇ ਨਿੱਜੀ ਦੁਸ਼ਮਣੀ ਤੋਂ ਬਿਨਾਂ ਇੱਕ ਦੂਜੇ ਨੂੰ ਮਾਰ ਘੱਤਣ ਦੇ ਲਈ ਮਨੁੱਖਾਂ ਨੂੰ ਰਾਜ਼ੀ ਕਰ ਲਿਆ ਅਤੇ ਉਸ ਨੇ ਯੁੱਧ ਵਾਲੀ ਘਾਤਕ ਤਲਵਾਰ ਚਲਾਈ ਜੋ ਕਿ ਲਸ਼ਕਰ ਦੁਆਰਾ ਪ੍ਰਸਿੱਧ ਕੀਤੀ ਗਈ ਸੀ। ਇਹ ਸਵਾਰ ਜ਼ਾਲਮ ਅਤੇ ਖੂੰਖਾਰ ਘੁੜਸਵਾਰ ਸੀ ਜਿਹੜਾ ਕੌਮਾਂ ਨੂੰ ਤਬਾਹ ਕਰਦਾ ਹੈ, ਜਿਹੜਾ ਪਰਿਵਾਰ ਵਿੱਚ ਇੱਕ ਖਾਲੀ ਜਗਾਂ ਛੱਡ ਦਿੰਦਾ ਹੈ, ਜਿਹੜਾ ਮਾਵਾਂ ਦੇ ਦਿਲ ਤੋੜ ਦਿੰਦਾ ਹੈ। ਇਹ ਸਵਾਰ *ਯੁੱਧ* ਦਾ ਪ੍ਰਤੀਕ ਹੁੰਦਾ ਹੈ, ਉਹ ਹਜ਼ਾਰਾਂ ਨੂੰ ਨਾਸ ਕਰਨ ਵਾਲਾ ਹੈ – ਬੱਚਿਆਂ ਅਤੇ ਹੋਰ ਨਿਰਦੋਸ਼ਾਂ ਸਮੇਤ। ਕਿਉਂਕਿ ਲਿਖਤ **ਇੱਕ ਦੂਜੇ** ਨੂੰ ਘਾਤ ਕਰਨ ਦੀ ਗੱਲ ਕਰਦੀ ਹੈ, ਕੁਝ ਲੋਕ ਸੋਚਦੇ ਹਨ ਕਿ ਇੱਥੇ ਵਿਸ਼ੇਸ਼ ਤੌਰ ਤੇ *ਸਮਾਜਿਕ* ਯੁੱਧ ਵੇਖਿਆ ਜਾ ਸਕਦਾ ਹੈ। ਸਮਾਜਿਕ ਯੁੱਧ ਸਭ ਤੋਂ ਭਿਆਣਕ ਯੁੱਧ ਹੁੰਦਾ ਹੈ, ਭਰਾ ਹੀ ਭਰਾ ਦੇ ਵਿਰੁੱਧ ਤੈਨਾਤ ਹੁੰਦਾ ਹੈ।

**ਤੀਜੀ ਮੋਹਰ (6:5, 6)**

**5ਜਾਂ ਉਹ ਨੇ ਤੀਜੀ ਮੋਹਰ ਤੋੜੀ ਤਾਂ ਮੈਂ ਤੀਜੇ ਜੰਤੂ ਨੂੰ ਇਹ ਆਖਦੇ ਸੁਣਿਆ ਭਈ ਆ ਜਾਹ! ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਮੁਸ਼ਕੀ ਘੋੜਾ ਹੈ ਅਤੇ ਉਹ ਦੇ**

**ਸਵਾਰ ਨੇ ਆਪਣੇ ਹੱਥ ਵਿੱਚ ਤੱਕੜੀ ਫੜੀ ਹੋਈ ਹੈ। [6]ਅਤੇ ਮੈਂ ਓਹਨਾਂ ਚੌਹਾਂ ਜੰਤੂਆਂ ਦੇ ਵਿੱਚ ਇੱਕ ਅਵਾਜ਼ ਜਿਹੀ ਇਹ ਆਖਦੇ ਸੁਣੀ ਭਈ ਕਣਕ ਅਠੰਨੀ ਦੀ ਸੇਰ ਭਰ ਅਤੇ ਜੌਂ ਅਠੰਨੀ ਦੇ ਤਿੰਨ ਸੇਰ ਅਤੇ ਤੇਲ ਅਤੇ ਦਾਖ ਰਸ ਦਾ ਵਿਗਾੜ ਨਾ ਕਰੀਂ!**

**ਆਇਤ 5.** ਯੁੱਧ ਦੇ ਨਿਸ਼ਚਤ ਪਰਿਣਾਮ ਆਰਥਿਕ ਤੰਗੀ ਹੁੰਦੀ ਹੈ। ਜਿਹੜੇ ਲੋਕ ਉਨ੍ਹਾਂ ਦੇਸ਼ਾਂ ਵਿੱਚ ਰਹਿ ਚੁੱਕੇ ਹਨ ਜੋ ਯੁੱਧ ਦੇ ਕਾਰਣ ਉੱਜੜ ਗਏ ਸਨ ਇਸ ਗੱਲ ਦੀ ਸੱਚਾਈ ਦੀ ਗਵਾਹੀ ਦੇ ਸਕਦੇ ਹਨ। ਬੇਸ਼ੱਕ, ਜੇਕਰ ਯੁੱਧ ਕਿਸੇ ਹੋਰ ਥਾਂ ਤੇ ਲੜਿਆ ਜਾ ਰਿਹਾ ਹੈ, ਮੁੱਠੀ ਭਰ ਲੋਕਾਂ ਦੇ ਧਨੀ ਬਣਨ ਨਾਲ ਦੇਸ਼ ਦੀ ਅਰਥ-ਵਿਵਸਥਾ ਥੋੜ੍ਹੇ ਦਿਨ ਲਈ ਸੁਧਰ ਸਕਦੀ ਹੈ। ਫਿਰ ਵੀ, ਆਖ਼ਰਕਾਰ, ਯੁੱਧ ਪੈਸਾ, ਸਮਾਂ ਅਤੇ ਦੇਸ਼ ਦੀਆਂ ਅੰਦਰੂਨੀ ਸਮੱਸਿਆਵਾਂ ਨੂੰ ਹੱਲ ਕਰਨ ਤੋਂ ਧਿਆਨ ਹਟਾ ਦਿੰਦਾ ਹੈ ਅਤੇ ਦੇਸ਼ ਦੁੱਖ ਭੋਗਦਾ ਹੈ। ਇਸ ਲਈ ਤੀਜੇ ਸਵਾਰ ਨੂੰ ਭੇਜਿਆ ਗਿਆ: **ਜਾਂ ਉਹ ਨੇ ਤੀਜੀ ਮੋਹਰ ਤੋੜੀ ਤਾਂ ਮੈਂ ਤੀਜੇ ਜੰਤੂ ਨੂੰ ਇਹ ਆਖਦੇ ਸੁਣਿਆ ਭਈ "ਆ ਜਾਹ!" ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਮੁਸ਼ਕੀ ਘੋੜਾ ਹੈ ਅਤੇ ਉਹ ਦੇ ਸਵਾਰ ਨੇ ਆਪਣੇ ਹੱਥ ਵਿੱਚ ਤੱਕੜੀ ਫੜੀ ਹੋਈ ਹੈ** (ਆਇਤ 1 ਤੇ ਟਿੱਪਣੀਆਂ ਵੇਖੋ)। ਵਚਨ ਵਿੱਚ, **ਮੁਸ਼ਕੀ** ਜਾਂ ਕਾਲੇ ਰੰਗ ਦਾ ਸੰਬੰਧ ਆਮ ਤੌਰ ਤੇ ਦੁੱਖ ਅਤੇ ਸੋਗ ਨਾਲ ਸੀ (ਵੇਖੋ ਯਸਾਯਾਹ 50:3; ਯਿਰਮਿਯਾਹ 4:28; 14:2; KJV)। ਇਸ ਰੰਗ ਨੂੰ ਕਈ ਵਾਰ ਭੋਜਨ ਦੀ ਘਾਟ ਨਾਲ ਜੋੜ ਕੇ ਵੇਖਿਆ ਜਾਂਦਾ ਸੀ (ਯਿਰਮਿਯਾਹ 14:1, 2; ਵਿਰਲਾਪ 5:10; KJV), ਜਿਵੇਂ ਕਿ ਇਸ ਬੰਦ ਵਿੱਚ ਹੈ।

ਇਹ ਸਵਾਰ ਘੁੜਸਵਾਰ ਦੇ ਲਈ ਅਨੋਖਾ ਸਾਜ਼ੋ-ਸਮਾਨ ਚੁੱਕੀ ਫਿਰਦਾ ਸੀ। ਪਹਿਲੇ ਸਵਾਰ ਕੋਲ ਕਮਾਣ ਸੀ ਅਤੇ ਦੂਜੇ ਸਵਾਰ ਕੋਲ ਤਲਵਾਰ, ਪਰ ਇਸ ਘੁੜਸਵਾਰ ਕੋਲ **ਤੱਕੜੀ** ਸੀ – ਪਰਤੱਖ ਰੂਪ ਵਿੱਚ ਕਣਕ ਨੂੰ ਤੋਲਣ ਦੇ ਲਈ ਜਿਸ ਦਾ ਜ਼ਿਕਰ ਕੀਤਾ ਗਿਆ ਸੀ। ਵਿਅਕਤੀ ਦੇ ਭੋਜਣ ਦੇ ਤੋਲਣ ਦੀ ਜ਼ਰੂਰਤ ਦਾ ਅਰਥ ਇਹ ਸੀ ਕਿ ਭੋਜਨ ਸੀਮਤ ਸੀ (ਵੇਖੋ ਲੇਵੀਆਂ 26:26; ਹਿਜ਼ਕੀਏਲ 4:16)। ਔਸਤਨ ਵਿਅਕਤੀ ਘੱਟੋ-ਘੱਟੋ ਜਿਨ੍ਹਾਂ ਭੋਜਨ ਲੈ ਸਕਦਾ ਸੀ ਉਸ ਦੀ ਮਾਤਰਾ ਸੀਮਤ ਸੀ – ਜਿਵੇਂ ਕਿ ਇਸ ਗੱਲ ਤੋਂ ਦਰਸਾਇਆ ਗਿਆ ਹੈ "ਕਣਕ ਅਠੰਨੀ ਦੀ ਸੇਰ ਭਰ ਅਤੇ ਜੌਂ ਅਠੰਨੀ ਦੇ ਤਿੰਨ ਸੇਰ" (ਆਇਤ 6)।

**ਆਇਤ 6. ਅਤੇ ਮੈਂ ਓਹਨਾਂ ਚੌਹਾਂ ਜੰਤੂਆਂ ਦੇ ਵਿੱਚ ਇੱਕ ਅਵਾਜ਼ ਜਿਹੀ ਇਹ ਆਖਦੇ ਸੁਣੀ ਭਈ ਕਣਕ ਅਠੰਨੀ ਦੀ ਸੇਰ ਭਰ ਅਤੇ ਜੌਂ ਅਠੰਨੀ ਦੇ ਤਿੰਨ ਸੇਰ ਅਤੇ ਤੇਲ ਅਤੇ ਦਾਖ ਰਸ ਦਾ ਵਿਗਾੜ ਨਾ ਕਰੀਂ!** ਬੁਲਾਰਾ ਜਿਸ ਨੂੰ ਯੂਹੰਨਾ ਨੇ ਸੁਣਿਆ ਸੀ ਨਹੀਂ ਪਛਾਣਿਆ ਗਿਆ। ਇਹ ਪਰਮੇਸ਼ੁਰ ਹੋ ਸਕਦਾ ਹੈ, ਪਰ ਸੰਭਵ ਤੌਰ ਤੇ ਇਹ ਜੀਉਂਦੇ ਜੰਤੂਆਂ ਵਿੱਚੋਂ ਇੱਕ ਹੋ ਸਕਦਾ ਹੈ।

ਯੂਨਾਨੀ ਸ਼ਬਦ χοῖνιξ (*ਕੋਇਨਿਕਸ*) ਜਿਸ ਦਾ ਅਰਥ ਸੇਰ ਭਰ ("ਤੋਲ"; KJV), ਨੂੰ ਸ਼ੁੱਧ ਰੂਪ ਨਾਲ ਅਨੁਵਾਦ ਕਰਨਾ ਮੁਸ਼ਕਲ ਹੈ। ਨਵੇਂ ਨੇਮ ਦੇ ਤੋਲ ਅਕਸਰ ਅੱਜ ਕੱਲ੍ਹ ਦੇ ਤੋਲਾਂ ਵਰਗੇ ਨਹੀਂ ਹੁੰਦੇ ਸਨ ਅਤੇ ਅੱਜ ਕੱਲ੍ਹ ਹਰੇਕ ਦੇਸ਼ ਵਿੱਚ ਤੋਲਣ ਦਾ ਵੱਖ-ਵੱਖ ਤਰੀਕਾ ਹੈ। ਉਦਾਹਰਣ ਦੇ ਲਈ, ਅੰਗ੍ਰੇਜ਼ੀ ਸ਼ਾਹੀ ਸੇਰ ਅਮਰੀਕੀ ਸੇਰ ਵਰਗਾ ਨਹੀਂ ਹੈ। ਫਿਰ ਵੀ, ਉੱਥੋਂ ਦੇ ਸੇਰ ਬਾਰੇ ਸੋਚੋ ਜਿੱਥੇ ਤੁਸੀਂ ਰਹਿੰਦੇ ਹੋ ਅਤੇ ਤਾਂ ਤੁਹਾਨੂੰ ਤੋਲ ਦੇ ਆਕਾਰ ਦਾ ਥੋੜ੍ਹਾ ਬਹੁਤ ਅੰਦਾਜ਼ਾ ਲੱਗ ਜਾਵੇਗਾ।

**ਅਠੰਨੀ** ਯੂਨਾਨੀ ਸ਼ਬਦ δηνάριον (*ਡਿਨਾਰੀਓਨ*) ਦਾ ਬਦਲਵਾਂ ਰੂਪ ਹੈ। NIV ਬਾਈਬਲ ਵਿੱਚ ਇਹ "ਇੱਕ ਦਿਨ ਦੀ ਮਜ਼ਦੂਰੀ" ਹੈ। ਅਠੰਨੀ ਇੱਕ ਆਮ ਮਜ਼ਦੂਰ ਦੀ ਇੱਕ ਦਿਨ ਦੀ ਦਿਹਾੜੀ ਹੁੰਦੀ ਸੀ (ਵੇਖੋ ਮੱਤੀ 20:2)। ਇਸ ਲਈ, **ਕਣਕ** ਅਠੰਨੀ ਦਾ ਸੇਰ ਲਗਭਗ "ਜਿੰਨਾ ਜ਼ਿਆਦਾ ਇੱਕ ਦਿਨ ਦੇ ਲਈ ਇੱਕ ਵਿਅਕਤੀ ਦੀ ਔਸਤ ਦਰਜੇ ਦੀ ਭੁੱਖ ਨੂੰ ਮਿਟਾਉਣ ਵਿੱਚ ਮਦਦ ਕਰਦਾ ਹੈ।"[6] ਦਰਸਾਏ ਗਏ ਕਸ਼ਟਦਾਈ ਸਮਿਆਂ ਵਿੱਚ, ਇੱਕ ਕਾਮਾ ਸਿਰਫ ਆਪਣੇ ਆਪ ਨੂੰ ਰਜਾਉਣ ਲਈ ਕਣਕ ਖਰੀਦ ਸਕਦਾ ਸੀ – ਉਸ ਦੇ ਪਰਿਵਾਰ ਦੇ ਲਈ ਕੁਝ ਵੀ ਨਹੀਂ ਸੀ ਬਚਦਾ। ਮਨੁੱਖਾਂ ਨੂੰ ਆਪਣੇ ਪਰਿਵਾਰਾਂ ਦੀ ਮਦਦ ਕਰਨ ਦੇ ਲਈ ਜੌਂ ਖਰੀਦਣਾ ਪੈਂਦਾ ਸੀ। ਜੌਂ ਆਮ ਤੌਰ ਤੇ ਇੱਕ ਦਾਣੇਦਾਰ ਕਣਕ ਸੀ ਜਿਸ ਨੂੰ ਸਿਰਫ ਜਾਨਵਰਾਂ ਦੇ ਲਈ ਜਾਂ ਉਨ੍ਹਾਂ ਦੁਆਰਾ ਜਿਹੜੇ ਜਾਨਵਰਾਂ ਦੇ ਵਾਂਗ ਜੀਉਂਦੇ ਸਨ ਖਾਣ ਲਈ ਯੋਗ ਸਮਝਿਆ ਜਾਂਦਾ ਸੀ। ਫਿਰ ਵੀ, ਇਹ ਬਹੁਤ ਸਸਤਾ ਸੀ: **ਅਠੰਨੀ ਦੇ ਤਿੰਨ ਸੇਰ**। ਜਦੋਂ ਯਿਸੂ ਨੇ ਭੀੜ ਨੂੰ ਰਜਾਇਆ, ਉਸ ਨੇ ਇੱਕ ਮੁੰਡੇ ਦੇ ਦੁਪਹਿਰ ਦੇ ਖਾਣੇ ਦਾ ਇਸਤੇਮਾਲ ਕੀਤਾ, ਜਿਸ ਵਿੱਚ ਰੋਟੀਆਂ ਸਨ ਜੋ ਜਵਾਂ ਦੀਆਂ ਬਣੀਆਂ ਹੋਈਆਂ ਸਨ (ਯੂਹੰਨਾ 6:9) – ਜੋ ਕਿ ਮੁੰਡੇ ਦੇ ਪਰਿਵਾਰ ਦੀ ਆਰਥਿਕ ਦਸ਼ਾ ਬਾਰੇ ਕੁਝ ਨਾ ਕੁਝ ਜ਼ਰੂਰ ਦੱਸਦਾ ਸੀ। ਪੁਰਾਣੇ ਜ਼ਮਾਨੇ ਦੇ ਲੇਖਕਾਂ ਅਨੁਸਾਰ, ਆਇਤ 6 ਵਿੱਚ ਜਿਨ੍ਹਾਂ ਕੀਮਤਾਂ ਦਾ ਹਵਾਲਾ ਦਿੱਤਾ ਗਿਆ ਸੀ ਕਣਕ ਅਤੇ ਜੌਂ ਦੀਆਂ ਸਧਾਰਣ ਕੀਮਤਾਂ ਤੋਂ ਅੱਠ ਤੋਂ ਸੋਲ੍ਹਾਂ ਗੁਣਾ ਜ਼ਿਆਦਾ ਸੀ। ਇਹ ਮਹਿੰਗਾਈ ਦੀ ਇੱਕ ਜ਼ਬਰਦਸਤ ਤਸਵੀਰ ਹੈ।

ਹੋਰਨਾਂ ਮੁੱਖ ਵਿਸ਼ਿਆਂ ਬਾਰੇ ਕੀ ਹੈ, ਜਿਵੇਂ ਕਿ ਜ਼ੈਤੂਨ ਦਾ ਤੇਲ ਅਤੇ ਦਾਖਰਸ? ਆਮ ਬੰਦਾ ਇਨ੍ਹਾਂ ਨੂੰ ਨਹੀਂ ਸੀ ਖਰੀਦ ਸਕਦਾ – ਜਿਹੜਾ ਕਿ ਸ਼ਾਇਦ ਸੰਕੇਤਕ ਹੁਕਮ ਦਾ ਮਹੱਤਵ ਹੈ **ਤੇਲ ਅਤੇ ਦਾਖ ਰਸ ਦਾ ਵਿਗਾੜ ਨਾ ਕਰੀਂ**। ਦੂਜੇ ਸ਼ਬਦਾਂ ਵਿੱਚ, "ਤੇਲ ਅਤੇ ਦਾਖਰਸ ਨੂੰ ਹੱਥ ਨਾ ਲਾਵੀਂ ਕਿਉਂਕਿ ਉਹ ਤੇਰੇ ਬਜਟ ਵਿੱਚ ਫਿੱਟ ਨਹੀਂ ਬੈਠਦੇ!" ਕੁਝ ਲੋਕ ਸੋਚਦੇ ਹਨ ਕਿ ਇਹ ਹੁਕਮ ਇਹ ਇਸ਼ਾਰਾ ਕਰਦਾ ਹੈ ਕਿ ਦਰਸ਼ਣ ਦਾ ਇਹ ਹਿੱਸਾ ਤੇਲ ਅਤੇ ਦਾਖਰਸ ਦੀ ਬਹੁਤਾਤ ਨੂੰ ਦਰਸਾਉਂਦਾ ਸੀ, ਜਦ ਕਿ ਉੱਥੇ ਕਣਕ ਦੀ ਘਾਟ ਸੀ। ਯੂਜੀਨ ਪੀਟਰਸਨ ਕੋਲ ਇਹ ਵਿਆਖਿਆ ਹੈ: "ਪਰ [ਤੁਸੀਂ ਜਿੰਨਾ] ਤੇਲ ਅਤੇ ਦਾਖਰਸ ਚਾਹੁੰਦੇ ਹੋ ਉੱਨਾ ਲੈ ਸਕਦੇ ਹੋ।"[7]

ਜਦੋਂ ਤੀਜਾ ਘੁੜਸਵਾਰ ਗਰਜਦਾ ਹੋਇਆ ਦੇਸ਼ ਦੇ ਵਿੱਚੋਂ ਦੀ ਲੰਘਿਆ, ਇੱਕ ਸਧਾਰਣ ਕਾਮੇ ਨੂੰ ਸਿਰਫ ਆਪਣੇ ਪਰਿਵਾਰ ਦਾ ਪੇਟ ਪਾਲਣ ਦੇ ਲਈ ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਡੁੱਬਣ ਤੱਕ ਮਿਹਨਤ ਮਜ਼ਦੂਰੀ ਕਰਨੀ ਪੈਣੀ ਸੀ, ਉਸ ਦੇ ਕੋਲ ਪਹਿਨਣ ਨੂੰ ਕੱਪੜੇ, ਰਹਿਣ ਨੂੰ ਘਰ ਜਾਂ ਜੀਵਨ ਦੀਆਂ ਹੋਰ ਜ਼ਰੂਰੀ ਚੀਜ਼ਾਂ ਨਹੀਂ ਸੀ ਬਚੀਆਂ। ਉਸ ਦੀ ਹਾਲਤ ਨੂੰ ਸਮਝਣ ਦੇ ਲਈ, ਕਲਪਨਾ ਕਰੋ ਕਿ ਉਸ ਦੇ ਲਈ ਜੀਉਣ ਕਿੰਨਾ ਮੁਸ਼ਕਲ ਰਿਹਾ ਹੋਵੇਗਾ ਜਦੋਂ ਰਾਸ਼ਣ ਅਤੇ ਹੋਰ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਸੋਲ੍ਹਾਂ ਗੁਣਾ ਵੱਧ ਗਈਆਂ ਸਨ ਜਦ ਕਿ ਉਨ੍ਹਾਂ ਦੀ ਤਨਖਾਹ ਪਹਿਲਾਂ ਜਿੰਨੀ ਹੀ ਰਹੀ ਸੀ।

### ਚੌਥੀ ਮੋਹਰ (6:7, 8)

**7ਜਾਂ ਉਹ ਨੇ ਚੌਥੀ ਮੋਹਰ ਤੋੜੀ ਤਾਂ ਮੈਂ ਚੌਥੇ ਜੰਤੂ ਦੀ ਅਵਾਜ਼ ਇਹ ਆਖਦੇ ਸੁਣੀ ਭਈ ਆ ਜਾਹ! 8ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਕੁੱਲਾ ਘੋੜਾ ਹੈ ਅਤੇ ਜਿਹੜਾ ਉਸ ਉੱਤੇ ਸਵਾਰ ਹੈ ਉਹ ਦਾ ਨਾਉਂ ਮੌਤ ਹੈ ਅਤੇ ਪਤਾਲ ਉਹ ਦੇ ਮਗਰ ਮਗਰ ਚੱਲਿਆ**

**ਆਉਂਦਾ ਹੈ ਅਤੇ ਓਹਨਾਂ ਨੂੰ ਧਰਤੀ ਦੀ ਚੁਥਾਈ ਉੱਤੇ ਇਖ਼ਤਿਆਰ ਦਿੱਤਾ ਗਿਆ ਭਈ ਤਲਵਾਰ ਨਾਲ, ਕਾਲ ਨਾਲ, ਮਰੀ ਨਾਲ ਅਤੇ ਧਰਤੀ ਦਿਆਂ ਦਰਿੰਦਿਆਂ ਦੇ ਰਾਹੀਂ ਮਾਰ ਸੁੱਟਣ।**

**ਆਇਤ 7.** ਹਾਲੇ ਤੱਕ ਅਸੀਂ ਯੁੱਧ ਦੇ ਨਤੀਜੇ ਤੱਕ ਨਹੀਂ ਪਹੁੰਚੇ। ਚੌਥਾ ਘੁੜਸਵਾਰ, ਭਿਆਣਕ ਘੁੜਸਵਾਰ ਪੀਲੇ ਘੋੜੇ ਤੇ ਹਾਲੇ ਆਉਣ ਵਾਲਾ ਸੀ। **ਜਾਂ ਉਹ ਨੇ ਚੌਥੀ ਮੋਹਰ ਤੋੜੀ ਤਾਂ ਮੈਂ ਚੌਥੇ ਜੰਤੂ ਦੀ ਅਵਾਜ਼ ਇਹ ਆਖਦੇ ਸੁਣੀ ਭਈ ਆ ਜਾਹ!** (ਆਇਤ 1 ਤੇ ਟਿੱਪਣੀਆਂ ਵੇਖੋ)।

**ਆਇਤ 8. ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਕੁੱਲਾ ਘੋੜਾ ਹੈ ਅਤੇ ਜਿਹੜਾ ਓਸ ਉੱਤੇ ਸਵਾਰ ਹੈ ਉਹ ਦਾ ਨਾਉਂ ਮੌਤ ਹੈ ਅਤੇ ਪਤਾਲ ਉਹ ਦੇ ਮਗਰ ਮਗਰ ਚੱਲਿਆ ਆਉਂਦਾ ਹੈ।** ਚੌਥੇ ਸਵਾਰ ਦਾ ਘੋੜਾ ਭਿਆਣਕ ਰੰਗ ਦਾ ਸੀ। ਅਨੁਵਾਦ ਕੀਤਾ ਗਿਆ ਸ਼ਬਦ ਕੁੱਲੇ ("ਪੀਲਾ"; KJV) ਯੂਨਾਨੀ ਸ਼ਬਦ χλωρός (*ਕਲੋਰੋਸ*) ਤੋਂ ਆਉਂਦਾ ਹੈ ਜੋ ਕਿ "ਹਰੇ" ਲਈ ਵਰਤਿਆ ਜਾਂਦਾ ਹੈ। ਇਹ ਘੋੜਾ "ਪੀਲਾ ਹਰਾ" ਸੀ (NRSV), ਲੰਬੇ ਸਮੇਂ ਤੋਂ ਮਰੇ ਸਰੀਰ ਦਾ ਭਿਆਣਕ ਰੰਗ।

ਹਰੇ ਘੋੜੇ ਤੇ ਭਿਆਣਕ ਸਵਾਰ **ਮੌਤ** ਸੀ, ਜਿਸ ਦਾ ਕੰਮ ਹੋਰਨਾਂ ਸਵਾਰਾਂ ਦੁਆਰਾ ਛੱਡੀ ਗਈ ਫਸਲ ਨੂੰ ਭਿਆਣਕ ਤਰੀਕੇ ਨਾਲ ਇਕੱਠਾ ਕਰਨਾ ਸੀ। ਮੌਤ ਦੇ ਮਗਰ-ਮਗਰ **ਪਤਾਲ** ਸੀ, ਦੇਹਮੁਕਤ ਆਤਮਾਵਾਂ ਦਾ ਨਿਵਾਸ ਸਥਾਨ (1:18 ਤੇ ਟਿੱਪਣੀਆਂ ਵੇਖੋ)। ਪਤਾਲ ਨੂੰ "ਪੰਜਵਾਂ ਘੁੜਸਵਾਰ" ਜਾਂ ਇੱਕ ਵੱਖਰੀ ਹਸਤੀ ਨਾ ਸਮਝੋ। ਪਰਕਾਸ਼ ਦੀ ਪੋਥੀ ਵਿੱਚ ਪਤਾਲ ਨੂੰ ਹਮੇਸ਼ਾ ਮੌਤ ਦੇ ਨਾਲ ਜੋੜਿਆ ਗਿਆ ਹੈ (1:18; 20:13, 14)। ਦੋਵੇਂ ਇਕੱਠੇ ਮਿਲ ਕੇ ਕੰਮ ਕਰਦੇ ਸਨ, ਮੌਤ ਸਰੀਰ ਦਾ ਦਾਅਵਾ ਕਰਦੀ ਸੀ ਅਤੇ ਪਤਾਲ ਆਤਮਾ ਦਾ ਦਾਅਵਾ ਕਰਦਾ ਸੀ (20:13 ਤੇ ਟਿੱਪਣੀਆਂ ਵੇਖੋ)।

ਮੌਤ ਨੂੰ ਅਕਸਰ ਖੋਪੜੀ ਵਾਲੇ ਚਿਹਰੇ ਨਾਲ ਇੱਕ ਟੋਪੀਦਾਰ ਸਵਾਰ ਵਜੋਂ ਪੇਸ਼ ਕੀਤਾ ਗਿਆ ਹੈ। ਪਤਾਲ ਨੂੰ ਇੱਕ ਖੁੱਲ੍ਹੀ ਕਬਰ ਜਾਂ ਇੱਕ ਰਾਖਸ਼ਸ ਵਰਗੇ ਜੰਤੂ ਦੇ ਰੂਪ ਵਿੱਚ ਦਰਸਾਇਆ ਗਿਆ ਹੈ ਜਿਹੜਾ "ਆਪਣੇ ਵਿੰਗੇ ਟੇਢੇ ਅੰਗਾਂ ਵਿੱਚੋਂ ਇੱਕ ਨੂੰ ਧੂ ਕੇ ਲਿਜਾ ਰਿਹਾ ਹੈ।"[8] ਪਤਾਲ ਨੂੰ ਮੌਤ ਦੇ ਮਗਰ ਮਗਰ ਇੱਕ ਨਹਿਸ਼ ਕਾਲੇ ਬੱਦਲ ਦੇ ਰੂਪ ਵਿੱਚ ਵੀ ਵੇਖਿਆ ਜਾ ਸਕਦਾ ਹੈ, ਜਿਹੜਾ ਉਨ੍ਹਾਂ ਸਭਨਾਂ ਨੂੰ ਨਿਗਲ ਜਾਂਦਾ ਹੈ ਜੋ ਉਸ ਕੁੱਲੇ ਘੋੜੇ ਤੇ ਸਵਾਰ ਦੁਆਰਾ ਹੇਠਾਂ ਡੇਗਿਆ ਜਾਂਦਾ ਹੈ। ਇਹ ਦੋ ਵਚਿੱਤਰ ਵਿਅਕਤੀ ਮਿਲ ਕੇ ਇੱਕ ਭਿਆਣਕ ਜੋੜਾ ਬਣਦੇ ਹਨ।

ਪਹਿਲੇ ਤਿੰਨ ਸਵਾਰਾਂ ਦੁਆਰਾ ਛੱਡੀ ਗਈ ਭਿਆਣਕ ਫਸਲ ਨੂੰ ਕੱਟਣ ਤੋਂ ਇਲਾਵਾ, ਮੌਤ ਅਤੇ ਪਤਾਲ ਨੂੰ ਇਹ ਵੀ ਕਿਹਾ ਗਿਆ ਸੀ ਕਿ **ਭਈ ਤਲਵਾਰ ਨਾਲ, ਕਾਲ ਨਾਲ, ਮਰੀ ਨਾਲ ਅਤੇ ਧਰਤੀ ਦਿਆਂ ਦਰਿੰਦਿਆਂ ਦੇ ਰਾਹੀਂ ਮਾਰ ਸੁੱਟਣ।** ਯੂਨਾਨੀ ਸ਼ਬਦ ἀποκτείνω (*ਅਪੋਕਟੀਨੋ*) ਤੋਂ ਅਨੁਵਾਦ ਕੀਤਾ ਗਿਆ ਸ਼ਬਦ ਮਾਰ ਸੁੱਟਣ ਉਸ ਸ਼ਬਦ ਵਰਗਾ ਨਹੀਂ ਹੈ ਜਿਸ ਦਾ ਆਇਤ 4 ਵਿੱਚ "ਮਾਰ ਘੱਤਣ" ਅਨੁਵਾਦ ਕੀਤਾ ਗਿਆ ਸੀ। ਇਸ ਸ਼ਬਦ ਦੀ ਚੋਣ ਇਹ ਇਸ਼ਾਰਾ ਕਰ ਸਕਦੀ ਹੈ ਕਿ ਜਿਹੜੀਆਂ ਮੌਤਾਂ ਦੀ ਗੱਲ ਕੀਤੀ ਗਈ ਹੈ ਉਹ ਮਸੀਹੀ ਲੋਕਾਂ ਦੇ ਵਿਸ਼ੇਸ਼ ਸਤਾਓ ਦਾ ਉੱਨਾ ਜ਼ਿਆਦਾ ਨਤੀਜਾ ਨਹੀਂ ਹੈ ਜਿੰਨਾ ਕਿ ਉਹ ਮਨੁੱਖਜਾਤੀ ਦੇ ਨਾਲ

ਆਮ ਬੁਰਾ ਵਰਤਾਓ ਕੀਤੇ ਜਾਣ ਦਾ ਹੈ। ਯੂਨਾਨੀ ਸ਼ਬਦ ῥομφαία (*ਰਹੋਮਫਈਆ*) ਤੋਂ ਅਨੁਵਾਦ ਕੀਤਾ ਗਿਆ ਸ਼ਬਦ **ਤਲਵਾਰ** ਉਸ ਸ਼ਬਦ ਵਰਗਾ ਨਹੀਂ ਹੈ ਜਿਸ ਦਾ ਆਇਤ 4 ਵਿੱਚ "ਤਲਵਾਰ" ਕਰਕੇ ਅਨੁਵਾਦ ਕੀਤਾ ਗਿਆ ਸੀ (ਆਇਤ 4 ਤੇ ਟਿੱਪਣੀਆਂ ਵੇਖੋ)। *ਰਹੋਮਫਈਆ* ਤਲਵਾਰ ਵੱਡੇ ਯੁੱਧ ਵਿੱਚ ਵਰਤੀ ਜਾਣ ਵਾਲੀ ਤਲਵਾਰ ਸੀ (1:16; 2:12 ਤੇ ਟਿੱਪਣੀਆਂ ਵੇਖੋ)।

ਯੂਨਾਨੀ ਸ਼ਬਦ θάνατος (*ਥਾਨਾਟੋਸ*) ਜਿਸ ਦਾ ਅਨੁਵਾਦ **ਮਰੀ** ਕਰਕੇ ਕੀਤਾ ਗਿਆ ਹੈ, ਆਮ ਤੌਰ ਤੇ "ਮੌਤ" ਲਈ ਵਰਤਿਆ ਜਾਣ ਵਾਲਾ ਸ਼ਬਦ ਹੈ (ਵੇਖੋ KJV)। ਪੁਰਾਣੇ ਜ਼ਮਾਨੇ ਦੇ ਲੋਕਾਂ ਦੁਆਰਾ "ਮੌਤ" ਸ਼ਬਦ ਮਰੀਆਂ ਦਾ ਹਵਾਲਾ ਦੇਣ ਦੇ ਲਈ ਵਰਤਿਆ ਜਾਂਦਾ ਸੀ ਜਿਨ੍ਹਾਂ ਨਾਲ ਵੱਡੀ ਗਿਣਤੀ ਵਿੱਚ ਲੋਕ ਮਰ ਜਾਂਦੇ ਸਨ: ਕਾਲੀ ਮੌਤ (ਕਛਰਾਲੀ ਮਰੀ), ਲਾਲ ਮੌਤ (ਚੀਚਕ), ਚਿੱਟੀ ਮੌਤ (ਤਪਦਿਕ ਰੋਗ)। ਕਿਉਂਕਿ ਆਇਤ 8 ਵਿੱਚ ਪਹਿਲਾਂ ਤੋਂ "ਮੌਤ" ਅਤੇ "ਮਾਰ ਸੁੱਟਣ" ਵਰਗੇ ਸ਼ਬਦ ਵਰਤੇ ਜਾ ਚੁੱਕੇ ਹਨ, ਇੱਥੇ "ਮੌਤ" ਸ਼ਬਦ ਸ਼ਾਇਦ ਵੱਖ-ਵੱਖ ਪ੍ਰਕਾਰ ਦੀਆਂ ਮਰੀਆਂ ਦਾ ਹਵਾਲਾ ਦਿੰਦਾ ਹੈ। ਇਨ੍ਹਾਂ ਦੇ ਨਾਲ **ਦਰਿੰਦਿਆਂ** ਦੇ ਖ਼ਤਰੇ ਨੂੰ ਵੀ ਜੋੜਿਆ ਗਿਆ ਸੀ। ਜਦੋਂ ਪੁਰਾਣੇ ਜ਼ਮਾਨੇ ਦੇ ਸ਼ਹਿਰਾਂ ਨੂੰ ਤਬਾਹ ਕੀਤਾ ਗਿਆ ਸੀ, ਦਰਿੰਦੇ ਆਮ ਤੌਰ ਤੇ ਗਿਣਤੀ ਵਿੱਚ ਵੱਧ ਗਏ ਅਤੇ ਇਲਾਕੇ ਤੇ ਕਬਜ਼ਾ ਕਰ ਲਿਆ (ਯਿਰਮਿਯਾਹ 9:11; 10:22; 49:33; 50:39)। ਯੁੱਧ ਦੇ ਪਰਿਣਾਮ ਉਦੋਂ ਹੀ ਖਤਮ ਨਹੀਂ ਹੋ ਜਾਂਦੇ ਜਦੋਂ ਲੜਾਈ ਬੰਦ ਹੋ ਜਾਂਦੀ ਹੈ। ਯੁੱਧ ਵਿੱਚ ਮਰਨ ਦੀ ਬਜਾਇ ਆਖ਼ਰੀ ਗੋਲੀ ਚੱਲਣ ਤੋਂ ਬਾਅਦ ਵੀ ਜ਼ਿਆਦਾਤਰ ਲੋਕਾਂ ਦੇ ਲਈ ਮਰਨਾ ਅਸਧਾਰਣ ਨਹੀਂ ਹੈ – ਜਦੋਂ ਯੁੱਧ ਨਾਲ ਪ੍ਰਭਾਵਿਤ ਦੇਸ਼ ਵਿੱਚ ਰੋਗ, ਭੁੱਖਮਰੀ ਅਤੇ ਹਿੰਸਾ ਪੈ ਜਾਂਦੀ ਹੈ। **ਧਰਤੀ ਦੀ ਚੁਥਾਈ** ਵਾਕ ਉਨ੍ਹਾਂ ਜੀਉਂਦੇ ਲੋਕਾਂ ਦੇ ਵਿਸ਼ੇਸ਼ ਭਾਗ ਵੱਲ ਇਸ਼ਾਰਾ ਕਰਦਾ ਹੈ।

ਸ਼ਾਇਦ ਇਹ ਜ਼ਰੂਰੀ ਹੈ ਕਿ ਮੌਤ ਦੇ ਚਾਰ ਕਾਰਣ ਉਹੀ ਸਨ ਜਿਹੜੇ ਪਰਮੇਸ਼ੁਰ ਦੁਆਰਾ ਯਰੂਸ਼ਲਮ ਨੂੰ ਉਸ ਦੇ ਪਾਪਾਂ ਲਈ ਸਜ਼ਾ ਦੇਣ ਵਾਸਤੇ ਵਰਤੇ ਗਏ ਸਨ। ਹਿਜ਼ਕੀਏਲ 14 ਵਿੱਚ ਯਹੋਵਾਹ ਨੇ ਨਬੀ ਨੂੰ ਆਖਿਆ ਕਿ ਮੈਂ ਆਪਣੇ "ਚਾਰ ਭਿਆਣਕ ਨਿਆਉਂ ਅਰਥਾਤ ਤਲਵਾਰ, ਕਾਲ, ਬੁਰੇ ਦਰਿੰਦੇ ਅਤੇ ਬਵਾ ਯਰੂਸ਼ਲਮ ਉੱਤੇ ਘੱਲਾਂ ਕਿ ਉਸ ਦੇ ਆਦਮੀਆਂ ਅਤੇ ਡੰਗਰਾਂ ਨੂੰ ਵੱਢ ਸੁੱਟਾਂ" (ਹਿਜ਼ਕੀਏਲ 14:21)। ਪਾਪ ਦੇ ਵਿਸ਼ੇਸ਼ ਨਤੀਜੇ ਹਨ। "ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ" (ਗਲਾਤੀਆਂ 6:7)। ਇਹੋ ਗੱਲ ਇੱਕ ਕੌਮ ਦੇ ਲਈ ਵੀ ਸੱਚ ਹੈ।

*ਚਾਰ ਘੁੜਸਵਾਰ ਕੀ ਦਰਸਾਉਂਦੇ ਹਨ?* ਅਸੀਂ ਸੰਖੇਪ ਰੂਪ ਵਿੱਚ ਲਿਖਤ ਤੇ ਨਜ਼ਰ ਮਾਰੀ ਹੈ, ਪਰ ਚਾਰ ਘੁੜਸਵਾਰਾਂ ਦੀ ਆਮ ਚਰਚਾ ਕ੍ਰਮ ਵਿੱਚ ਹੋ ਸਕਦੀ ਹੈ। ਸਪੱਸ਼ਟ ਤੌਰ ਤੇ, ਚਾਰ ਸਵਾਰ ਅੰਗ੍ਰੇਜ਼ੀ ਦੇ ਸ਼ਬਦ ਟਰੱਬਲ ਨੂੰ ਵੱਡੇ ਅੱਖਰ "T" ਨਾਲ ਦਰਸਾਉਂਦੇ ਹਨ, ਪਰ ਕੀ ਕੋਈ ਵਿਅਕਤੀ ਪਰਮੇਸ਼ੁਰ ਦੀ ਯੋਜਨਾ ਵਿੱਚ ਸਵਾਰਾਂ ਅਤੇ ਉਨ੍ਹਾਂ ਦੇ ਉਦੇਸ਼ਾਂ ਸੰਬੰਧੀ ਵਧੇਰੇ ਵਿਸ਼ੇਸ਼ ਹੋ ਸਕਦਾ ਹੈ?

ਕਈਆਂ ਦਾ ਮੰਨਣਾ ਹੈ ਕਿ ਪਹਿਲੀਆਂ ਚਾਰ ਮੋਹਰਾਂ ਦਾ ਉਦੇਸ਼ ਪ੍ਰਮੁੱਖ ਤੌਰ ਤੇ ਰੋਮੀ ਸਾਮਰਾਜ ਨੂੰ ਸਜ਼ਾ ਦੇਣ ਦੇ ਲਈ ਪਰਮੇਸ਼ੁਰ ਦੀ ਯੋਜਨਾ ਨੂੰ ਪਰਗਟ ਕਰਨਾ ਸੀ। ਸੱਤ ਤੁਰ੍ਹੀਆਂ ਅਤੇ ਸੱਤ ਪਿਆਲਿਆਂ ਦੀਆਂ ਕੜੀਆਂ ਵਿੱਚ, ਚਿਤਾਵਨੀ ਦੇਣ ਅਤੇ ਫਿਰ ਰੋਮ ਨੂੰ ਸਜ਼ਾ ਦੇਣ ਦੇ ਲਈ ਉਹੋ ਜਿਹੀਆਂ ਆਫਤਾਂ ਵਰਤੀਆਂ ਜਾਣੀਆਂ ਸਨ। ਜਦ ਕਿ ਬੁਰਿਆਈ ਦੀ ਸਜ਼ਾ ਨੂੰ ਬਾਹਰ

ਨਹੀਂ ਰੱਖਿਆ ਜਾ ਸਕਦਾ, ਤਿੰਨ ਤੱਥ ਸੁਝਾਅ ਦਿੰਦੇ ਹਨ ਕਿ ਸ਼ਾਇਦ ਸਜ਼ਾ ਦਰਸ਼ਣ ਦਾ ਪ੍ਰਮੁੱਖ ਵਿਸ਼ਾ ਨਹੀਂ ਸੀ: (1) ਪਰਗਟ ਕੀਤੀਆਂ ਗਈਆਂ ਸ਼ੋਕਮਈ ਦੁਰਘਟਨਾਵਾਂ ਵਿਅਵਵਿਆਪੀ ਆਫ਼ਤਾਂ ਹਨ ਜਿਨ੍ਹਾਂ ਦਾ ਉਨ੍ਹਾਂ ਸਭਨਾਂ ਦੁਆਰਾ ਅਨੁਭਵ ਕੀਤਾ ਗਿਆ ਸੀ ਜਿਹੜੇ ਆਪਣੇ ਆਪ ਨੂੰ ਤਬਾਹੀ ਮਚਾਉਣ ਵਾਲੇ ਘੁੜਸਵਾਰਾਂ ਦੇ ਰਾਹ ਵਿੱਚ ਪਾਉਂਦੇ ਹਨ, ਭਾਵੇਂ ਉਹ ਰੋਮੀ ਜਾਂ ਮਸੀਹੀ ਲੋਕ ਹੋਣ। ਯਾਦ ਰੱਖੋ ਕਿ "ਚਾਰ" ਕਾਇਨਾਤ ਦਾ ਅੰਕ ਹੈ, ਮਨੁੱਖਤਾ ਦਾ ਅੰਕ। ਸਾਰੇ ਲੋਕ ਕੁਝ ਹੱਦ ਤੱਕ ਚਾਰ ਘੁੜਸਵਾਰਾਂ ਦੁਆਰਾ ਪ੍ਰਭਾਵਿਤ ਹੋਏ ਹਨ। (2) ਸਵਾਰ ਪੰਜਵੀਂ ਮੋਹਰ ਤੋਂ ਤੁਰੰਤ ਮਗਰੋਂ ਆਉਂਦੇ ਹਨ, ਜੋ ਕਿ ਸ਼ਹੀਦ ਸੰਤਾਂ ਦੇ ਇਹ ਪੁਕਾਰਨ ਨੂੰ ਪਰਗਟ ਕਰਦੀ ਹੈ, ". . . ਹੇ ਸੁਆਮੀ ਜੀ . . . ਕਦੋਂ ਤੋੜੀ ਤੂੰ ਨਿਆਉਂ ਨਹੀਂ ਕਰਦਾ ਅਤੇ ਧਰਤੀ ਦੇ ਵਾਸੀਆਂ ਕੋਲੋਂ ਸਾਡੇ ਲਹੂ ਦਾ ਵੱਟਾ ਨਹੀਂ ਲੈਂਦਾ ਹੈਂ?" (ਆਇਤ 10)। ਇਹ ਕਲਪਨਾ ਕਰਨਾ ਸੁਭਾਵਕ ਹੈ ਕਿ ਇਹ ਲੋਕ ਲਹੂ-ਲਹਾਨ ਮਾਰਗ ਤੇ ਮਾਰੇ ਗਏ ਸਨ ਜਿੱਥੋਂ ਦੀ ਘੁੜਸਵਾਰ ਲੰਘ ਕੇ ਗਏ ਸਨ। ਇਹ ਤੱਥ ਕਿ 6:4 ਵਿੱਚ "ਮਾਰ ਘੱਤਣ" ਸ਼ਬਦ ਉਹੀ ਸ਼ਬਦ ਹੈ ਜੋ 5:6, 9, 12 ਵਿੱਚ ਯਿਸੂ ਦੀ ਮੌਤ ਅਤੇ 6:9 ਵਿੱਚ ਸ਼ਹੀਦਾਂ ਦੀ ਮੌਤ ਦਾ ਵਰਣਨ ਕਰਨ ਲਈ ਵਰਤਿਆ ਗਿਆ ਸੀ, ਉਸ ਦਾ ਅਰਥ ਇਹ ਹੋ ਸਕਦਾ ਹੈ ਕਿ 6:4 ਦਾ ਅਰਥ ਵਿਸ਼ੇਸ਼ ਤੌਰ ਤੇ ਯਿਸੂ ਦੇ ਮਗਰ ਚੱਲਣ ਵਾਲੇ ਹਨ ਜਿਹੜੇ ਘਾਤ ਕੀਤੇ ਜਾ ਰਹੇ ਸਨ । (3) ਸ਼ਹੀਦਾਂ ਦਾ ਵਰਣਨ ਛੇਵੀਂ ਮੋਹਰ ਤੋਂ ਬਾਅਦ ਆਉਂਦਾ ਹੈ (ਆਇਤਾਂ 12-17), ਜੋ ਕਿ ਦੁਸ਼ਟ ਦੀ ਸਜ਼ਾ ਨਾਲ ਸੰਬੰਧਿਤ ਹੈ ਜਿਸ ਦਾ ਅਰਥ ਇਹ ਹੈ ਕਿ ਪਿਛਲੀਆਂ ਮੋਹਰਾਂ ਕਿਸੇ ਹੋਰ ਚੀਜ਼ ਦਾ ਹਵਾਲਾ ਦਿੰਦੀਆਂ ਹਨ।

ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਚਾਰ ਘੁੜਸਵਾਰਾਂ ਦੀ ਸਧਾਰਣ ਵਿਆਖਿਆ ਦੀ ਮੰਗ ਕੀਤੀ ਗਈ ਹੈ – ਇੱਕ ਇਹੋ ਜਿਹੀ ਵਿਆਖਿਆ ਵਿਸ਼ਵਵਿਆਪੀ ਦੁਖਾਂਤ ਦੇ ਵਿਚਾਰ ਨੂੰ ਉਨ੍ਹਾਂ ਅਨੂਠੀਆਂ ਸਮੱਸਿਆਵਾਂ ਦੀ ਸੱਚਾਈ ਨਾਲ ਮਿਲਾ ਦਿੰਦੀ ਹੈ ਜਿਨ੍ਹਾਂ ਦਾ ਸਾਹਮਣਾ ਪਹਿਲੀ ਸਦੀ ਦੇ ਮਸੀਹੀ ਲੋਕਾਂ ਨੇ ਕੀਤਾ ਸੀ। ਇਹੋ ਜਿਹਾ ਇੱਕ ਪ੍ਰਗਟਾਵਾ ਹੇਠ ਲਿਖਿਆ ਹੈ:

> ਮਨੁੱਖ ਦੇ ਲਾਲਚ ਦੇ ਨਤੀਜੇ ਵਜੋਂ (ਪਹਿਲਾ ਘੁੜਸਵਾਰ) ਹਫੜਾ-ਦਫੜਾ ਅਤੇ ਅਜ਼ਮਾਇਸ਼ਾਂ (ਦੂਜਾ ਅਤੇ ਤੀਜਾ ਘੁੜਸਵਾਰ) ਨੂੰ ਸੰਸਾਰ ਤੇ ਛੱਡ ਦਿੱਤਾ ਗਿਆ ਸੀ। ਦੁੱਖ ਦੇ ਨਾਲ-ਨਾਲ ਪਾਪੀ ਸੰਸਾਰ ਵਿੱਚ ਕਸ਼ਟ ਸੁਭਾਵਕ ਸਨ (ਚੌਥਾ ਘੁੜਸਵਾਰ)।
>
> ਹਫੜਾ-ਦਫੜੀ, ਅਜ਼ਮਾਇਸ਼ਾਂ ਅਤੇ ਕਸ਼ਟ ਸਾਰੇ ਮਨੁੱਖਾਂ ਦੀ ਕਿਸਮਤ ਵਿੱਚ ਹਨ, ਪਰ *ਮਸੀਹੀ ਲੋਕਾਂ* ਨੂੰ ਇਹ ਦੁਗਣੇ ਮਿਲਦੇ ਹਨ। ਸਿਰਫ ਯਿਸੂ ਦੇ ਮਗਰ ਚੱਲਣ ਵਾਲੇ ਨਾ ਸਿਰਫ ਜੀਵਨ ਦੇ ਸਧਾਰਣ ਉਤਾਰ-ਚੜ੍ਹਾਅ ਦੇ ਅਧੀਨ ਹਨ, ਪਰ ਉਨ੍ਹਾਂ ਨੂੰ ਗਲਤ ਵੀ ਸਮਝਿਆ ਜਾਂਦਾ ਹੈ ਅਤੇ ਅਕਸਰ ਉਨ੍ਹਾਂ ਨੂੰ ਉਨ੍ਹਾਂ ਦੇ ਨਿਹਚਾ ਦੇ ਲਈ ਸਤਾਇਆ ਜਾਂਦਾ ਹੈ।

ਉਦਾਹਰਣ ਦੇ ਤੌਰ ਤੇ ਕਿ "ਮਸੀਹੀ ਲੋਕਾਂ ਨੂੰ ਦੁਗਣਾ ਹਿੱਸਾ ਮਿਲਦਾ ਹੈ," ਤੀਜੇ ਘੁੜਸਵਾਰ ਵਿੱਚ ਦਰਸਾਈ ਗਈ ਆਰਥਿਕ ਤੰਗੀ ਤੇ ਵਿਚਾਰ ਕਰਦਾ ਹੈ: "ਮਸੀਹੀ ਸਮਾਜ ਦੇ ਵਿਰੁੱਧ ਪ੍ਰਮੁੱਖ ਹਥਿਆਰਾਂ ਵਿੱਚੋਂ ਇੱਕ ਹਥਿਆਰ ਉਨ੍ਹਾਂ ਦਾ ਬਜ਼ਾਰ ਵਿੱਚੋਂ ਬਾਹਰ ਕੱਢਿਆ ਜਾਣਾ, ਉਨ੍ਹਾਂ ਨੂੰ ਧਰਮ ਧਿਆਗ ਦੇ ਲਈ ਮਜ਼ਬੂਰ ਕਰਨ ਵਾਸਤੇ ਆਰਥਿਕ ਪ੍ਰਭਾਵ ਸੀ ਜਿਨ੍ਹਾਂ ਨੇ ਵਿਰੋਧ ਕੀਤਾ ਸੀ।"[9] (13:17 ਤੇ ਟਿੱਪਣੀਆਂ ਵੇਖੋ।)

ਕਿਉਂਕਿ ਪਰਕਾਸ਼ ਦੀ ਪੋਥੀ ਵਿੱਚ ਯਿਸੂ ਦਾ ਸੰਦੇਸ਼ ਸਭ ਤੋਂ ਪਹਿਲਾਂ "ਆਪਣੇ ਦਾਸਾਂ ਦੇ ਲਈ" ਸੀ (1:1), ਸ਼ਾਇਦ 6:1-8 ਵਿੱਚ ਯਿਸੂ ਚਾਹੁੰਦਾ ਸੀ ਕਿ ਯੂਹੰਨਾ ਅਤੇ ਹੋਰ ਮਸੀਹੀ ਲੋਕ

ਚਾਰ ਘੁੜਸਵਾਰਾਂ ਨੂੰ *ਉਨ੍ਹਾਂ* ਨੂੰ ਕੁਚਲਣ ਦੇ ਇਰਾਦੇ ਨਾਲ *ਉਨ੍ਹਾਂ* ਦੀ ਵੱਲ ਭੱਜਦੇ ਆਉਂਦਿਆਂ ਵੇਖਣ।

ਉਸ ਦ੍ਰਿਸ਼ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕਰੋ ਜੋ ਯੂਹੰਨਾ ਨੇ ਵੇਖਿਆ ਸੀ। ਯੁੱਧ ਕਰਨ ਵਾਲੇ ਵਿਸ਼ਾਲ ਘੋੜਿਆਂ ਨੂੰ ਆਪਣੀਆਂ ਨਾਸਾਂ ਫੁਲਾਉਂਦੇ ਹੋਏ, ਆਪਣੇ ਭਿਆਣਕ ਖੁਰਾਂ ਨਾਲ ਹਵਾ ਵਿੱਚ ਪੰਜੇ ਮਾਰਦੇ ਹੋਏ ਆਉਣ ਦੀ ਕਲਪਨਾ ਕਰੋ। ਇਹ ਵੀ ਯਾਦ ਰੱਖੋ ਕਿ ਸਵਾਰ "ਇਤਹਾਸਕ ਸਮਿਆਂ ਦੀ ਇੱਕ ਕੜੀ ਨੂੰ ਨਹੀਂ ਦਰਸਾਉਂਦੇ।"[10] *ਨਿਸ਼ਚਤ ਮਿਤੀ ਕ੍ਰਮ* ਵਿੱਚ ਆਉਣ ਦੀ ਬਜਾਇ, ਉਹ *ਤਰਕਪੂਰਨ* ਕ੍ਰਮ ਵਿੱਚ ਆਉਂਦੇ ਹਨ। ਸਾਮਰਾਜਵਾਦ ਤੋਂ ਬਾਅਦ ਯੁੱਧ ਆਉਂਦਾ ਹੈ, ਯੁੱਧ ਤੋਂ ਬਾਅਦ ਆਰਥਿਕ ਤੰਗੀ ਆਉਂਦੀ ਹੈ ਆਦਿ। ਫਿਰ, ਚਾਰ ਯੁੱਧ ਕਰਨ ਵਾਲੇ ਘੋੜਿਆਂ ਦੇ *ਮਿਲ ਕੇ* ਤੇਜ਼ੀ ਨਾਲ ਦੌੜਨ – ਆਪਣੇ ਖੁਰਾਂ, ਚਮਕਦੀਆਂ ਹੋਈਆਂ ਅੱਖਾਂ ਨਾਲ ਉਨ੍ਹਾਂ ਸਵਾਰਾਂ ਨੂੰ ਤੁਹਾਡੇ ਤੇ ਹਮਲਾ ਕਰਨ ਦੀ ਕਲਪਨਾ ਕਰੋ। ਆਪਣੇ ਖੁਰਾਂ ਨਾਲ ਤੁਹਾਡੇ ਸਰੀਰ ਨੂੰ ਪਾੜਨ, ਤੁਹਾਡੀਆਂ ਹੱਡੀਆਂ ਨੂੰ ਤੋੜਨ ਅਤੇ ਤੁਹਾਡੇ ਸਰੀਰ ਵਿੱਚ ਜੋ ਜਾਨ ਹੈ ਉਸ ਨੂੰ ਕੁਚਲਣ ਦੇ ਲਈ ਉਨ੍ਹਾਂ ਦੀਆਂ ਨਾਸਾਂ ਵਿੱਚੋਂ ਗਰਮ ਸਾਹ ਨੂੰ ਮਹਿਸੂਸ ਕਰੋ। ਅਰਲ ਪਾਲਮਰ ਨੇ ਕਿਹਾ, "ਸ਼ਾਇਦ ਤਬਾਹੀ ਮਚਾਉਣ ਵਾਲੇ ਇਨ੍ਹਾਂ ਚਾਰ ਘੋੜਿਆਂ ਅਤੇ ਉਨ੍ਹਾਂ ਦੇ ਸਵਾਰਾਂ ਤੋਂ ਵੱਧ ਡਰਾਉਣੀ ਤਸਵੀਰ ਹੋਰ ਕੋਈ ਨਹੀਂ ਹੈ।"[11] ਅੱਗੇ ਆਉਣ ਵਾਲੀਆਂ ਉਨ੍ਹਾਂ ਮੋਹਰਾਂ ਦੇ ਪਰਕਾਸ਼ਾਂ ਦੀ ਪ੍ਰਸੰਸਾ ਕਰਨ ਦੇ ਲਈ, ਤੁਹਾਨੂੰ ਉਸ ਦਹਿਸ਼ਤ ਨੂੰ *ਮਹਿਸੂਸ* ਕਰਨਾ ਪਵੇਗਾ। ਆਪਣੇ ਆਪ ਨੂੰ ਪਹਿਲੀ ਸਦੀ ਦੇ ਮਸੀਹੀ ਲੋਕਾਂ ਦੇ ਸਥਾਨ ਤੇ ਰੱਖੋ ਅਤੇ ਉਸ ਖ਼ਤਰੇ ਦਾ ਸੁਆਦ ਚੱਖੋ ਜਿਸ ਦੇ ਵਿੱਚ ਉਹ ਰਹਿੰਦੇ ਸਨ।

ਪਰਮੇਸ਼ੁਰ ਨੇ ਇਹੋ ਜਿਹੇ ਡਰਾਉਣੇ ਦਰਸ਼ਣ ਨਾਲ ਮਸੀਹੀ ਲੋਕਾਂ ਦੇ ਲਈ ਆਪਣੇ ਸੰਦੇਸ਼ ਦੀ ਸ਼ੁਰੂਆਤ ਕਿਉਂ ਕੀਤੀ ਸੀ? ਜਦੋਂ ਮੋਹਰਾਂ ਖੁੱਲ੍ਹਣੀਆਂ ਸ਼ੁਰੂ ਹੋਈਆਂ, ਯੂਹੰਨਾ ਨੇ ਸ਼ਾਇਦ ਸ਼ਾਂਤੀ ਦੇ ਸੰਦੇਸ਼ ਦੀ ਉਮੀਦ ਕੀਤੀ ਹੋਵੇਗੀ; ਬਜਾਇ ਇਸ ਦੇ ਉਸ ਨੂੰ ਸਮੱਸਿਆਵਾਂ ਬਾਰੇ ਚੇਤੇ ਕਰਾਇਆ ਗਿਆ। ਕਿਉਂ? ਕੋਈ ਪਰਮੇਸ਼ੁਰ ਦੇ ਮਨ ਨੂੰ ਨਹੀਂ ਜਾਣ ਸਕਦਾ, ਪਰ ਇਨ੍ਹਾਂ ਚਾਰ ਸਵਾਰਾਂ ਨੂੰ ਭੇਜਣ ਦੇ ਲਈ ਕੁਝ ਸੰਭਵ ਸੰਦੇਸ਼ ਹੇਠਾਂ ਦਿੱਤੇ ਗਏ ਹਨ।

1. *ਮਸੀਹੀ ਲੋਕਾਂ ਨੂੰ ਉਸ ਦੇ ਲਈ ਤਿਆਰ ਕਰਨ ਵਾਸਤੇ ਜੋ ਅੱਗੇ ਆਉਣ ਵਾਲਾ ਸੀ।* ਇਸ ਪੁਰਾਣੀ ਸ਼ਬਦਾਵਲੀ ਵਿੱਚ ਗਿਆਨ ਦੀ ਗੱਲ ਹੈ, "ਪਹਿਲਾਂ ਤੋਂ ਚਿਤਾਇਆ ਗਿਆ ਬੰਦਾ ਪਹਿਲਾਂ ਤੋਂ ਤਿਆਰ ਰਹਿੰਦਾ ਹੈ।"

2. *ਇਸ ਗੱਲ ਤੇ ਜ਼ੋਰ ਦੇਣ ਦੇ ਲਈ ਕਿ ਹਾਲੇ ਵੀ ਸਭ ਕੁਝ ਉਸ ਦੇ ਕਾਬੂ ਵਿੱਚ ਹੈ।* ਪਹਿਲੀਆਂ ਅੱਠ ਆਇਤਾਂ "ਆ ਜਾਹ!" ਅਤੇ "ਦਿੱਤਾ ਗਿਆ" ਵਰਗੇ ਵਾਕਾਂ ਨਾਲ ਭਰੀਆਂ ਪਈਆਂ ਹਨ। ਘੁੜਸਵਾਰਾਂ ਨੇ ਉਹੋ ਜਿਹਾ ਕੁਝ ਨਹੀਂ ਕੀਤਾ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਕਰਨ ਨਹੀਂ ਦਿੱਤਾ।

3. *ਇਸ ਗੱਲ ਤੇ ਜ਼ੋਰ ਦੇਣ ਲਈ ਕਿ ਪਰਮੇਸ਼ੁਰ ਮਸੀਹੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੀਮਤ ਕਰਦਾ ਹੈ।* ਪਹਿਲਾ ਕੁਰਿੰਥੀਆਂ 10:13 ਦੱਸਦੀ ਹੈ ਕਿ ਪਰਮੇਸ਼ੁਰ ਵਫ਼ਾਦਾਰ ਮਸੀਹੀ ਲੋਕਾਂ ਨੂੰ ਇਹੋ ਜਿਹੇ ਪਰਤਾਵੇ ਵਿੱਚ ਨਹੀਂ ਪੈਣ ਦਿੰਦਾ ਜੋ ਉਨ੍ਹਾਂ ਕੋਲੋਂ ਝੱਲਿਆ ਨਾ ਜਾਵੇ। ਪ੍ਰਤੀਕਾਤਮਕ ਰੂਪ ਵਿੱਚ ਇੱਥੇ 6:8 ਵਿੱਚ ਵੀ ਉਹੋ ਜਿਹਾ ਵਿਚਾਰ ਪਰਗਟ ਕੀਤਾ ਗਿਆ ਹੈ, ਜੋ ਕਹਿੰਦੀ ਹੈ ਕਿ ਮੌਤ ਅਤੇ ਪਤਾਲ ਦਾ ਇਖ਼ਤਿਆਰ "ਧਰਤੀ ਦੀ ਚੁਥਾਈ" ਤੱਕ ਸੀਮਤ ਸੀ।

"ਧਰਤੀ ਦੀ ਚੁਥਾਈ" ਲੋਕਾਂ ਦੀ ਵੱਡੀ ਗਿਣਤੀ ਦੇ ਵਾਂਗ ਪ੍ਰਤੀਤ ਹੁੰਦੀ ਹੈ, ਪਰ ਇਸ ਗੱਲ ਨੂੰ ਚੇਤੇ ਰੱਖੋ ਕਿ ਅਸੀਂ ਮੌਤ ਬਾਰੇ ਗੱਲ ਕਰ ਰਹੇ ਹਾਂ। ਸਾਰੇ ਲੋਕਾਂ ਨੇ ਆਖ਼ਰਕਾਰ ਮਰਨਾ ਹੈ। ਪਰਕਾਸ਼ ਦੀ ਪੋਥੀ ਦੇ ਪ੍ਰਤੀਕਵਾਦ ਵਿੱਚ "ਚੁਥਾਈ" "ਸਾਰਿਆਂ" ਵੱਲ ਇਸ਼ਾਰਾ ਨਹੀਂ ਕਰਦਾ। ਪਰਮੇਸ਼ੁਰ ਉਨ੍ਹਾਂ ਨੂੰ ਸੀਮਤ ਕਰ ਦੇਵੇਗਾ ਜਿਹੜੇ ਸਾਨੂੰ ਸਤਾਉਣਗੇ।

੪. *ਇਹ ਸਿਖਾਉਣ ਲਈ ਕਿ ਪਰਮੇਸ਼ੁਰ ਸਾਰੀਆਂ ਘਟਨਾਵਾਂ ਵਿੱਚ ਕਿਰਿਆਸ਼ੀਲ ਹੈ, ਭਾਵੇਂ ਕੋਈ ਵਿਅਕਤੀ ਉਨ੍ਹਾਂ ਨੂੰ "ਚੰਗਾ" ਜਾਂ "ਬੁਰਾ" ਸਮਝਦਾ ਹੈ।* ਇਹ ਧਾਰਣਾ 6:1-8 ਦੇ ਸਬਕਾਂ ਵਿੱਚੋਂ ਸਭ ਤੋਂ ਮਹੱਤਵਪੂਰਣ ਸਬਕ ਹੈ। ਪਰਮੇਸ਼ੁਰ ਆਪਣੇ ਉਦੇਸ਼ਾਂ ਨੂੰ ਪੂਰਾ ਕਰ ਰਿਹਾ ਸੀ। ਪਰਮੇਸ਼ੁਰ ਜਾਣਦਾ ਹੈ ਕਿ ਉਹ ਕੀ ਕਰ ਰਿਹਾ ਹੈ। ਸਾਡੀ ਚੁਣੌਤੀ ਉਸ ਤੇ ਭਰੋਸਾ ਕਰਨਾ ਸਿੱਖਣਾ ਹੈ।

## ਪੰਜਵੀਂ ਮੋਹਰ (6:9-11)

**9ਜਾਂ ਉਹ ਨੇ ਪੰਜਵੀਂ ਮੋਹਰ ਤੋੜੀ ਤਾਂ ਮੈਂ ਜਗਵੇਦੀ ਦੇ ਹੇਠਾਂ ਓਹਨਾਂ ਦੀਆਂ ਜਾਨਾਂ ਨੂੰ**
**ਵੇਖਿਆ ਜਿਹੜੇ ਪਰਮੇਸ਼ੁਰ ਦੇ ਬਚਨ ਦੇ ਕਾਰਨ ਅਤੇ ਉਸ ਸਾਖੀ ਦੇ ਕਾਰਨ ਜੋ ਓਹਨਾਂ**
**ਭਰੀ ਸੀ ਵੱਢੇ ਗਏ ਸਨ। 10ਅਤੇ ਓਹਨਾਂ ਵੱਡੀ ਅਵਾਜ਼ ਨਾਲ ਪੁਕਾਰ ਕੇ ਇਹ ਆਖਿਆ ਭਈ**
**ਹੇ ਸੁਆਮੀ ਜੀ, ਜਿਹੜਾ ਪਵਿੱਤਰ ਅਤੇ ਸਤ ਹੈਂ ਕਦੋਂ ਤੋੜੀ ਤੂੰ ਨਿਆਉਂ ਨਹੀਂ ਕਰਦਾ ਅਤੇ**
**ਧਰਤੀ ਦੇ ਵਾਸੀਆਂ ਕੋਲੋਂ ਸਾਡੇ ਲਹੂ ਦਾ ਵੱਟਾ ਨਹੀਂ ਲੈਂਦਾ ਹੈਂ? 11ਅਤੇ ਓਹਨਾਂ ਵਿੱਚੋਂ ਹਰੇਕ**
**ਨੂੰ ਚਿੱਟਾ ਬਸਤਰ ਦਿੱਤਾ ਗਿਆ ਅਤੇ ਓਹਨਾਂ ਨੂੰ ਇਹ ਬਚਨ ਹੋਇਆ ਭਈ ਥੋੜਾ ਚਿਰ**
**ਹੋਰ ਅਰਾਮ ਕਰੋ ਜਦੋਂ ਤੀਕ ਤੁਹਾਡੇ ਨਾਲ ਦੇ ਦਾਸਾਂ ਅਤੇ ਤੁਹਾਡੇ ਭਰਾਵਾਂ ਦੀ ਜਿਹੜੇ**
**ਤੁਹਾਡੇ ਵਾਂਙੁ ਵੱਢੇ ਜਾਣਗੇ ਗਿਣਤੀ ਪੂਰੀ ਨਾ ਹੋ ਲਵੇ!**

"ਪਹਿਲੇ ਮਸੀਹੀ ਡਰਾਮੇ"[12] ਤੋਂ ਚਾਰ ਵਾਰ ਪਰਦਾ ਉੱਠਿਆ। ਚਾਰ ਵਾਰ ਯੂਹੰਨਾ ਨੇ ਇੱਕ ਸਵਾਰ ਨੂੰ ਇੱਕ ਭਿਆਣਕ ਘੋੜੇ ਤੇ ਸਵਾਰ ਧਰਤੀ ਤੇ ਇੱਧਰ-ਉੱਧਰ ਦੌੜਦੇ ਅਤੇ ਤਬਾਹੀ ਮਚਾਉਂਦੇ ਵੇਖਿਆ।

ਜਦੋਂ ਖੁਰ ਮਾਰਨ ਦੀ ਅਵਾਜ਼ ਘੱਟ ਹੋ ਗਈ, ਹੌਲੀ-ਹੌਲੀ ਤੀਜੀ ਵਾਰ ਪਰਦਾ ਉੱਠਣਾ ਸ਼ੁਰੂ ਹੋ ਗਿਆ। ਯੂਹੰਨਾ ਖੂਨ-ਖਰਾਬੇ ਦਾ ਦ੍ਰਿਸ਼, ਚਾਰ ਵਾਰ ਤਬਾਹੀ ਮਚਾਉਣ ਵਾਲੇ ਸਵਾਰਾਂ ਦੇ ਨਤੀਜੇ ਨੂੰ ਵੇਖ ਕੇ ਹੈਰਾਨ ਨਹੀਂ ਹੋਇਆ ਹੋਵੇਗਾ। ਉਸ ਨੇ ਸ਼ਾਇਦ ਧੂੜ ਵਿੱਚ ਪਏ ਵੱਢੇ-ਟੁੱਕੇ ਸਰੀਰਾਂ ਦੇ ਖ਼ਮੋਸ਼ ਅਤੇ ਗੰਭੀਰ ਵਿਸ਼ਾਲ ਦ੍ਰਿਸ਼ ਦੀ ਉਮੀਦ ਕੀਤੀ ਹੋਵੇਗੀ। ਇਸ ਦੀ ਬਜਾਇ, ਯੂਹੰਨਾ ਦੇ ਕੰਨਾਂ ਵਿੱਚ ਰੌਲੇ – ਦੁਖੀ ਅਵਾਜ਼ਾਂ ਦੇ ਸਮੂਹ-ਗਾਨ ਦੀ ਬੌਸ਼ਾਰ ਹੋ ਗਈ ਸੀ।

ਜਦੋਂ ਪਰਦਾ ਉੱਠਿਆ, ਯੂਹੰਨਾ ਸੱਚਮੁੱਚ ਚਾਰ ਘੁੜਸਵਾਰਾਂ ਦੀ ਦਸਤਕਾਰੀ ਨੂੰ ਵੇਖ ਰਿਹਾ ਸੀ, ਪਰ ਦੁਨਿਆਵੀ ਸੰਸਾਰ ਵਾਤਾਵਰਣ ਨਹੀਂ ਸੀ। ਬਲਕਿ, ਉਹ ਆਤਮਾਵਾਂ ਦੇ ਸੰਸਾਰ ਨੂੰ ਧਿਆਨ ਨਾਲ ਵੇਖ ਰਿਹਾ ਸੀ। ਪਰਦੇ ਦੇ ਪਿੱਛੇ ਪਰਮੇਸ਼ੁਰ ਦਾ ਪਵਿੱਤਰ ਸਥਾਨ ਸੀ, ਮੁੱਖ ਸਥਾਨ ਤੇ ਕੁਰਬਾਨੀ ਵਾਲੀ ਵੱਡੀ ਜਿਹੀ ਜਗਵੇਦੀ ਸੀ। ਅਵਾਜ਼ਾਂ ਜਗਵੇਦੀ ਦੇ ਆਲੇ-ਦੁਆਲੇ ਦੀ ਜ਼ਮੀਨ ਵਿੱਚੋਂ ਆਉਂਦੀਆਂ ਪ੍ਰਤੀਤ ਹੋ ਰਹੀਆਂ ਸਨ।

ਜਦੋਂ ਯੂਹੰਨਾ ਦੀਆਂ ਅੱਖਾਂ ਇੱਕ ਥਾਂ ਤੇ ਟਿਕ ਗਈਆਂ, ਉਸ ਨੇ ਜਗਵੇਦੀ ਦੀ ਨੀਂਹ ਦੇ ਆਲੇ-ਦੁਆਲੇ ਪਰਛਾਂਵਿਆਂ ਦੇ ਰੂਪ ਵੇਖੇ: ਉਨ੍ਹਾਂ ਮਸੀਹੀ ਲੋਕਾਂ ਦੀਆਂ ਜਾਨਾਂ ਜਿਨ੍ਹਾਂ ਨੇ ਉਸ

ਸਤਾਓ ਵਿੱਚ ਆਪਣੇ ਜੀਵਨ ਦੇ ਦਿੱਤੇ ਜੋ ਘੁੜਸਵਾਰਾਂ ਦੇ ਦੁਆਰਾ ਉਨ੍ਹਾਂ ਉੱਤੇ ਲਿਆਂਦਾ ਗਿਆ ਸੀ। ਇਨ੍ਹਾਂ ਸ਼ਹੀਦਾਂ ਨੇ ਆਪਣੀਆਂ ਬਾਹਾਂ ਪਰਮੇਸ਼ੁਰ ਦੇ ਪਵਿੱਤਰ ਸਥਾਨ ਵੱਲ ਪਸਾਰੀਆਂ ਹੋਈਆਂ ਸਨ ਅਤੇ ਉਨ੍ਹਾਂ ਦੀਆਂ ਅਵਾਜ਼ਾਂ ਪਰੇਸ਼ਾਨੀ ਨਾਲ ਭਰੀਆਂ ਹੋਈਆਂ ਸਨ।

ਯੂਹੰਨਾ ਉਨ੍ਹਾਂ ਦੀ ਨਿਰਾਸ਼ਾ ਨੂੰ ਸਮਝ ਗਿਆ ਹੋਵੇਗਾ। ਮੂਸਾ ਨੇ ਲਿਖਿਆ ਸੀ ਕਿ ਪਰਮੇਸ਼ੁਰ ". . . ਆਪਣੇ ਦਾਸਾਂ ਦੇ ਲਹੂ ਦਾ ਬਦਲਾ ਲਵੇਗਾ ਅਤੇ ਆਪਣੇ ਵੈਰੀਆਂ ਨੂੰ ਵੱਟਾ ਦੇਵੇਗਾ" (ਬਿਵਸਥਾ ਸਾਰ 32:43)। ਯਿਸੂ ਇਸ ਗੱਲ ਨਾਲ ਸਹਿਮਤ ਸੀ: "ਫੇਰ ਭਲਾ ਪਰਮੇਸ਼ੁਰ ਆਪਣੇ ਚੁਣਿਆਂ ਹੋਇਆਂ ਦਾ ਬਦਲਾ ਲੈ ਨਾ ਦੇਵੇਗਾ ਜਿਹੜੇ ਰਾਤ ਦਿਨ ਉਹ ਦੀ ਦੁਹਾਈ ਦਿੰਦੇ ਸਨ . . . ?" (ਲੂਕਾ 18:7; KJV)। ਆਰੰਭਕ ਮਸੀਹੀ ਲੋਕ ਸ਼ਾਇਦ ਘਬਰਾ ਗਏ ਸਨ ਕਿ ਪਰਮੇਸ਼ੁਰ ਨੇ ਉਨ੍ਹਾਂ ਦੇ ਸਤਾਓ ਨੂੰ ਕਿਉਂ ਜਾਰੀ ਰਹਿਣ ਦਿੱਤਾ ਸੀ।

**ਆਇਤ 9. ਜਾਂ ਉਹ ਨੇ ਪੰਜਵੀਂ ਮੋਹਰ ਤੋੜੀ ਤਾਂ ਮੈਂ ਜਗਵੇਦੀ ਦੇ ਹੇਠਾਂ ਓਹਨਾਂ ਦੀਆਂ ਜਾਨਾਂ ਨੂੰ ਵੇਖਿਆ ਜਿਹੜੇ ਪਰਮੇਸ਼ੁਰ ਦੇ ਬਚਨ ਦੇ ਕਾਰਨ ਅਤੇ ਓਸ ਸਾਖੀ ਦੇ ਕਾਰਨ ਜੋ ਓਹਨਾਂ ਭਰੀ ਸੀ ਵੱਢੇ ਗਏ ਸਨ।** ਇਸ ਆਇਤ ਨੂੰ ਪੜ੍ਹਨ ਨਾਲ ਕਈ ਤੱਥ ਸਪੱਸ਼ਟ ਹੋ ਜਾਂਦੇ ਹਨ। ਸਭ ਤੋਂ ਪਹਿਲੀ ਗੱਲ, ਜਿਨ੍ਹਾਂ ਦਾ ਵਰਣਨ ਕੀਤਾ ਗਿਆ ਸੀ ਉਹ ਸ਼ਹੀਦ ਸਨ। ਸ਼ਬਦ ਸਾਖੀ (μαρτυρία, *ਮਾਰਟੂਰੀਆ*) μάρυς (*ਮਾਰਟੁਸ*) ਨਾਲ ਸੰਬੰਧਿਤ ਹੈ, ਉਹ ਸ਼ਬਦ ਜਿਸ ਤੋਂ ਅੰਗ੍ਰੇਜ਼ੀ ਦਾ ਸ਼ਬਦ "ਮਾਰਟਿਅਰ" ਆਉਂਦਾ ਹੈ। ਵੱਢੇ ਗਏ ਸ਼ਬਦ ਉਸੇ ਸ਼ਬਦ ਤੋਂ ਆਉਂਦਾ ਹੈ ਜੋ ਯਿਸੂ ਦੀ ਮੌਤ ਦੇ ਸੰਬੰਧ ਵਿੱਚ ਵਰਤਿਆ ਗਿਆ ਸੀ (5:6, 9, 12; ਵੇਖੋ 13:8)। ਇਹ ਉਸੇ ਸ਼ਬਦ ਤੋਂ ਵੀ ਆਉਂਦਾ ਹੈ ਜਿਹੜਾ ਲਾਲ ਘੋੜੇ ਦੇ ਸੰਬੰਧ ਵਿੱਚ ਵਰਤਿਆ ਗਿਆ ਸੀ (ਆਇਤ 4)। ਉਹ ਉਸੇ ਕਾਰਣ ਵੱਢੇ ਗਏ ਸਨ ਜਿਸ ਦੇ ਲਈ ਯੂਹੰਨਾ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ: ਮਸੀਹ ਦੀ ਸਾਖੀ ਦੇ ਕਾਰਨ (1:9; ਵੇਖੋ 1:2)। ਬਾਅਦ ਵਿੱਚ ਇਹ ਪਤਾ ਲੱਗਾ ਕਿ ਉਨ੍ਹਾਂ ਨੇ ਸਾਮਰਾਜ ਦੀ "ਮੂਰਤੀ ਦੀ ਪੂਜਾ ਕਰਨ" ਤੋਂ ਇਨਕਾਰ ਕਰ ਦਿੱਤਾ ਸੀ (13:15) ਅਤੇ ਉਨ੍ਹਾਂ ਦੇ "ਸਿਰ ਵੱਢ ਦਿੱਤੇ ਗਏ" ਸਨ (20:4)। ਸਗੋਂ ਜਦੋਂ ਉਨ੍ਹਾਂ ਨੂੰ ਮੌਤ ਦੀ ਧਮਕੀ ਵੀ ਦਿੱਤੀ ਗਈ ਸੀ, ਤਦ ਵੀ ਉਹ ਵਫ਼ਾਦਾਰ ਰਹੇ ਸਨ (2:10); ਉਨ੍ਹਾਂ ਨੇ ਮਸੀਹ ਦੇ ਕਾਰਣ ਆਪਣੀ ਜਾਨਾਂ ਮੁਫ਼ਤ ਵਿੱਚ ਦਿੱਤੀਆਂ ਸਨ।

ਯਿਸੂ ਨੇ ਆਪਣੇ ਚੇਲਿਆਂ ਨੂੰ ਚਿਤਾਵਨੀ ਦਿੱਤੀ ਸੀ ਕਿ ਮਨੁੱਖ "ਤੁਹਾਨੂੰ ਬਿਪਤਾ ਲਈ ਫੜਵਾ ਦੇਣਗੇ ਅਰ ਤੁਹਾਨੂੰ ਮਾਰ ਦੇਣਗੇ ਅਤੇ ਮੇਰੇ ਨਾਮ ਦੇ ਕਾਰਨ ਸਾਰੀਆਂ ਕੌਮਾਂ ਤੁਹਾਡੇ ਨਾਲ ਵੈਰ ਰੱਖਣਗੀਆਂ" (ਮੱਤੀ 24:9)। ਇਸਤੀਫ਼ਾਨ ਦੇ ਪਥਰਾਅ ਕੀਤੇ ਜਾਣ (ਰਸੂਲਾਂ ਦੇ ਕਰਤੱਬ 7:58-60) ਅਤੇ ਯਾਕੂਬ ਦੇ ਸਿਰ ਕਲਮ ਕੀਤੇ ਜਾਣ ਤੋਂ ਸ਼ੁਰੂ ਕਰਕੇ (ਰਸੂਲਾਂ ਦੇ ਕਰਤੱਬ 12:1, 2; ਵੇਖੋ ਮਰਕੁਸ 6:22-29), ਧਰਤੀ ਮਸੀਹੀ ਸ਼ਹੀਦਾਂ ਦੇ ਲਹੂ ਨਾਲ ਮੈਲੀ ਹੋ ਗਈ ਸੀ। ਬਾਅਦ ਵਿੱਚ, ਰੋਮੀ ਸਮਰਾਟ ਨੇ ਯਿਸੂ ਦੇ ਮਗਰ ਚੱਲਣ ਵਾਲਿਆਂ ਨੂੰ "ਖੁੱਲ੍ਹੇ ਆਮ ਮਾਰਨ" ਦਾ ਐਲਾਨ ਕਰ ਦਿੱਤਾ। ਜਿਸ ਸਮੇਂ ਤੱਕ ਪਰਕਾਸ਼ ਦੀ ਪੋਥੀ ਲਿਖੀ ਗਈ ਸੀ, ਤਦ ਤੱਕ ਸ਼ਹੀਦਾਂ ਦੇ ਨਾਵਾਂ ਦੀ ਸੂਚੀ ਵਿੱਚ ਪੌਲੁਸ, ਉਸ ਦੇ ਸਹਿਕਰਮੀ ਲੂਕਾ ਅਤੇ ਤਿਮੋਥਿਉਸ, ਯੂਹੰਨਾ ਨੂੰ ਛੱਡ ਕੇ ਬਾਕੀ ਸਾਰੇ ਰਸੂਲ ਅਤੇ ਹੋਰ ਹਜ਼ਾਰਾਂ ਮਸੀਹੀ ਲੋਕ ਸ਼ਾਮਲ ਹੋ ਗਏ ਜੋ ਸਾਡੇ ਲਈ ਤਾਂ ਅਣਜਾਣ ਹਨ ਪਰ ਪ੍ਰਭੂ ਦੇ ਲਈ ਬਹੁਮੁੱਲੇ ਹਨ।

ਯੂਹੰਨਾ ਨੇ ਇਨ੍ਹਾਂ ਸ਼ਹੀਦਾਂ ਦੀਆਂ ਲੋਥਾਂ ਨੂੰ ਨਹੀਂ ਪਰ ਉਨ੍ਹਾਂ ਦੀਆਂ ਜਾਨਾਂ ਨੂੰ ਵੇਖਿਆ ਸੀ।

ਅਨੁਵਾਦ ਕੀਤਾ ਗਿਆ ਜਾਨਾਂ ਸ਼ਬਦ ψυχή (*ਸੁਕੇ*) ਦੇ ਬਹੁਵਚਨ ਰੂਪ ਤੋਂ ਹੈ, ਜਿਸ ਦਾ ਅਕਸਰ ਅਰਥ "ਜਾਨ" ਹੁੰਦਾ ਹੈ (ਮੱਤੀ 20:28; ਪਰਕਾਸ਼ ਦੀ ਪੋਥੀ 12:11)। *ਸੁਕੇ*, ਜਾਂ "ਜਾਨ," ਇੱਕ ਵਿਅਕਤੀ ਦਾ ਹਵਾਲਾ ਵੀ ਦੇ ਸਕਦੀ ਹੈ (1 ਪਤਰਸ 3:20; ਤੁਲਨਾ ਕਰੋ KJV)। ਇਹ ਸ਼ਬਦ ਅੰਗ੍ਰੇਜ਼ੀ ਦੇ ਸ਼ਬਦਾਂ "ਸਾਈਕੇ," "ਸਾਇਕੋਲੋਜੀ" ਅਤੇ ਹੋਰ ਸੰਬੰਧਿਤ ਸ਼ਬਦਾਂ ਲਈ ਬੁਨਿਆਦ ਹੈ। ਸੰਦਰਭ *ਸੁਕੇ* ਦੇ ਅਰਥ ਨੂੰ ਤੈਅ ਕਰਦਾ ਹੈ। ਆਇਤ 9 ਵਿੱਚ, ਇਹ ਸ਼ਬਦ ਸ਼ਾਇਦ ਉਨ੍ਹਾਂ ਦੀਆਂ ਅਵਿਨਾਸ਼ੀ ਰੂਹਾਂ ਦਾ ਹਵਾਲਾ ਦਿੰਦਾ ਹੈ (ਵੇਖੋ ਮੱਤੀ 10:28)। ਯਹੂਦੀ ਲੋਕ ਮਨੁੱਖ ਦੀ ਰੂਹ ਨੂੰ ਸਰੀਰ ਦੇ ਯਾਦ ਕਰਾਉਣ ਵਾਲੇ ਰੂਪ ਨੂੰ ਬਣਾਈ ਰੱਖਣਾ ਸਮਝਦੇ ਸਨ ਜੋ ਇੱਕ ਸਮੇਂ ਉਨ੍ਹਾਂ ਦੇ ਕੋਲ ਹੁੰਦਾ ਸੀ (ਮੱਤੀ 14:26; ਲੂਕਾ 24:36, 37)। ਕਿਉਂਕਿ ਯੂਹੰਨਾ ਦੇ ਬਹੁਤ ਸਾਰੇ ਮਿੱਤਰ ਅਤੇ ਸਹਿਕਰਮੀ ਸ਼ਹੀਦ ਹੋ ਚੁੱਕੇ ਸਨ, ਕੋਈ ਇਹ ਸੋਚੇਗਾ ਕਿ ਕੀ ਉਸ ਨੇ ਜਗਵੇਦੀ ਦੇ ਹੇਠਾਂ ਉਨ੍ਹਾਂ ਵਿੱਚੋਂ ਕਿਸੇ ਨੂੰ ਪਛਾਣਿਆ ਵੀ ਸੀ ਜਾਂ ਨਹੀਂ।

ਇੱਕ ਹੋਰ ਸਪੱਸ਼ਟ ਤੱਥ ਇਹ ਹੈ ਕਿ ਇਹ ਸੰਤ ਹਾਲੇ ਵੀ ਜੀਉਂਦੇ ਸਨ। ਮੌਤ ਅੰਤ ਨਹੀਂ ਸੀ। ਉਨ੍ਹਾਂ ਦੇ ਵੈਰੀਆਂ ਨੇ ਸੋਚਿਆ ਸੀ ਕਿ ਉਨ੍ਹਾਂ ਨੇ ਉਨ੍ਹਾਂ ਨੂੰ ਬਰਬਾਦ ਕਰ ਦਿੱਤਾ ਹੈ, ਜਦ ਕਿ ਅਸਲ ਵਿੱਚ ਜੱਲਾਦ ਜਾਂ ਮਾਰਨ ਵਾਲੇ ਦੀ ਤਲਵਾਰ ਉਨ੍ਹਾਂ ਨੂੰ ਪ੍ਰਭੂ ਦੀ ਹਜ਼ੂਰੀ ਵਿੱਚ ਲੈ ਗਈ ਸੀ। ਸਹੀ ਸ਼ਬਦਾਂ ਵਿੱਚ ਯੂਹੰਨਾ ਜਾਣਬੁੱਝ ਕੇ ਉਸ *ਥਾਂ* ਬਾਰੇ ਜਿੱਥੇ ਇਹ ਜਾਨਾਂ ਸਨ ਅਸਪੱਸ਼ਟ ਸੀ। ਬਾਅਦ ਵਿੱਚ, ਇੱਕ ਮਨੁੱਖੀ ਪਰੰਪਰਾ ਸ਼ੁਰੂ ਹੋ ਗਈ ਕਿ ਮਸੀਹੀ *ਸ਼ਹੀਦ* ਨਿਆਂ ਤੋਂ ਬਿਨਾਂ ਸਿੱਧੇ ਸੁਰਗ ਵਿੱਚ ਜਾਂਦੇ ਹਨ। ਯੂਹੰਨਾ ਦਾ ਉਦੇਸ਼ ਨਿਆਂ ਦੀ ਉਡੀਕ ਕਰ ਰਹੀਆਂ ਇਨ੍ਹਾਂ ਜਾਨਾਂ ਦੇ ਅਸਲੀ *ਥਾਂ* ਬਾਰੇ ਦੱਸਣਾ ਨਹੀਂ ਸੀ।

ਇਹ ਸ਼ਹੀਦ ਉਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਸਨ ਜੋ ਉਨ੍ਹਾਂ ਦੇ ਨਾਲ ਹੋਇਆ ਸੀ। ਉਨ੍ਹਾਂ ਦੀਆਂ ਜਾਨਾਂ ਨਿਰਾ "ਸੁੱਤੀਆਂ" ਨਹੀਂ ਸਨ ਜਿਵੇਂ ਕਿ ਕੁਝ ਲੋਕ ਦਾਅਵਾ ਕਰਦੇ ਹਨ। ਜਹੋਵਾਹ ਵਿਟਨੈਸਸ ਅਤੇ ਹੋਰ ਪਦਾਰਥਵਾਦੀ ਪੰਥ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਮਨੁੱਖ ਅੰਦਰ ਅਵਿਨਾਸ਼ੀ ਜਾਨ ਹੈ। ਉਹ ਦਾਅਵਾ ਕਰਦੇ ਹਨ ਕਿ ਜਦੋਂ ਇੱਕ ਵਿਅਕਤੀ ਦਾ ਸਰੀਰ ਮਰਦਾ ਹੈ, ਉਸ ਵਿਅਕਤੀ ਦਾ ਪਰਮੇਸ਼ੁਰ ਦੀ ਯਾਦਾਸ਼ਤ ਤੋਂ ਇਲਾਵਾ ਹੋਰ ਕਿਤੇ ਕੋਈ ਵਜੂਦ ਨਹੀਂ ਰਹਿੰਦਾ ਹੈ। ਵਚਨ ਤੋਂ ਬਾਹਰ ਇਸ ਦਾਅਵੇ ਦੇ ਅਨੁਸਾਰ, ਅਸਲ ਵਿੱਚ ਜੀ ਉੱਠਣਾ ਇੱਕ ਦਿਲ ਪਰਚਾਵਾ ਹੈ।

ਤੀਜਾ ਸਪੱਸ਼ਟ ਸਿੱਟਾ ਇਹ ਹੈ ਕਿ ਸਤਾਓ ਕਾਫੀ ਸਮੇਂ ਤੋਂ ਚੱਲ ਰਿਹਾ ਸੀ – ਕਿਉਂਕਿ ਇਨ੍ਹਾਂ ਸ਼ਹੀਦਾਂ ਨੂੰ ਯਕੀਨ ਸੀ ਕਿ ਕਾਫੀ ਸਮਾਂ ਬੀਤ ਚੁੱਕਾ ਸੀ। ਇਹ ਸਤਾਓ ਸਪੱਸ਼ਟ ਤੌਰ ਤੇ ਹੋਰ ਜ਼ਿਆਦਾ ਤੇਜ਼ ਹੁੰਦਾ ਜਾ ਰਿਹਾ ਸੀ। ਪਰਕਾਸ਼ ਦੀ ਪੋਥੀ ਦੇ ਪਿਛਲੇ ਅਧਿਆਇਆਂ ਵਿੱਚ, ਸਿਰਫ ਇੱਕ ਸ਼ਹੀਦ ਅੰਤਿਪਾਸ (2:13) ਦਾ ਜ਼ਿਕਰ ਕੀਤਾ ਗਿਆ ਸੀ; ਪਰ ਇਹ ਦਰਸ਼ਣ ਇਹ ਭਾਵ ਦਿੰਦਾ ਹੈ ਕਿ ਗਿਣਤੀ ਬਹੁਤ ਵੱਡੀ ਸੀ। ਇਸ ਤੋਂ ਇਲਾਵਾ, ਸਤਾਓ ਦੂਰ ਹੋਣ ਦਾ ਨਾਂ ਹੀ ਨਹੀਂ ਸੀ ਲੈ ਰਿਹਾ। ਸਵਾਲ ਕਰਨ ਵਾਲਿਆਂ ਨੂੰ ਕਿਹਾ ਗਿਆ ਸੀ ਕਿ ਹੋਰ ਬਹੁਤ ਸਾਰੇ ਹਨ ਜਿਹੜੇ "ਤੁਹਾਡੇ ਵਾਂਙੁ ਵੱਢੇ ਜਾਣਗੇ" (ਆਇਤ 11)।

ਦਰਸ਼ਣ ਵਿੱਚ ਹੋਰ ਵੇਰਵਿਆਂ ਦੀ ਮਹੱਤਤਾ ਉੱਨੀ ਜ਼ਿਆਦਾ ਸਪੱਸ਼ਟ ਨਹੀਂ ਹੈ। ਉਦਾਹਰਣ ਦੇ ਲਈ, **ਜਗਵੇਦੀ ਦੇ ਹੇਠਾਂ** ਵਾਕ ਦਾ ਕੀ ਅਰਥ ਹੈ? ਜਗਵੇਦੀ ਦਾ ਜ਼ਿਕਰ ਪਰਕਾਸ਼ ਦੀ ਪੋਥੀ ਵਿੱਚ ਪੁਰਾਣੇ ਨੇਮ ਦੀ ਸ਼ਬਦਾਵਲੀ ਦੀ ਵਰਤੋਂ ਨਾਲ ਮੇਲ ਖਾਂਦਾ ਹੈ, ਵਿਸ਼ੇਸ਼ ਕਰਕੇ ਤੰਬੂ ਅਤੇ

ਹੈਕਲ ਨਾਲ ਸੰਬੰਧਿਤ ਪ੍ਰਤੀਕਵਾਦ। ਜਗਵੇਦੀ ਦਾ ਪਰਕਾਸ਼ ਦੀ ਪੋਥੀ ਵਿੱਚ ਅਕਸਰ ਜ਼ਿਕਰ ਕੀਤਾ ਗਿਆ ਹੈ (ਵੇਖੋ 8:5; 11:1; 14:18; 16:7) ਅਤੇ ਆਮ ਤੌਰ ਤੇ ਇਹ ਸਾਨੂੰ ਸੋਨੇ ਦੀ ਧੂਪਦਾਨੀ ਦੀ ਜਗਵੇਦੀ ਬਾਰੇ ਚੇਤੇ ਕਰਾਉਂਦੀ ਹੈ ਜੋ ਪਵਿੱਤਰ ਤੋਂ ਪਵਿੱਤਰ ਅਸਥਾਨ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਆਉਂਦੀ ਸੀ (8:3; 9:13; ਵੇਖੋ ਕੂਚ 40:26, 27)। ਫਿਰ ਵੀ, ਪਰਕਾਸ਼ ਦੀ ਪੋਥੀ 6 ਵਿੱਚ, ਸ਼ਹੀਦਾਂ ਨੇ ਆਪਣਾ ਲਹੂ ਪਰਮੇਸ਼ੁਰ ਦੇ ਲਈ *ਇੱਕ ਬਲੀਦਾਨ ਦੇ ਰੂਪ ਵਿੱਚ* ਵਹਾਇਆ ਸੀ। ਯਹੂਦੀ ਬੰਦਗੀ ਵਿੱਚ, ਸੋਨੇ ਦੀ ਜਗਵੇਦੀ ਉੱਤੇ ਲਹੂ ਦੇ ਬਲੀਦਾਨ ਨਹੀਂ ਸੀ ਕੀਤੇ ਜਾਂਦੇ, ਪਰ ਪਵਿੱਤਰ ਅਸਥਾਨ ਦੇ ਬਾਹਰ ਹੋਮ ਬਲੀ ਦੇ ਲਈ ਬਣੀ ਹੋਈ ਪਿੱਤਲ ਦੀ ਜਗਵੇਦੀ ਤੇ ਕੀਤੇ ਜਾਂਦੇ ਸਨ (ਕੂਚ 39:39; 40:29)। ਹਾਲਾਂਕਿ ਟਿੱਪਣੀਕਾਰਾਂ ਦੀ ਇਸ ਗੱਲ ਤੇ ਵੱਖ-ਵੱਖ ਰਾਇ ਹੈ ਕਿ ਇੱਥੇ ਕਿਹੜੀ ਜਗਵੇਦੀ ਦਾ ਜ਼ਿਕਰ ਕੀਤਾ ਗਿਆ ਹੈ, ਜ਼ਿਆਦਾਤਰ ਟਿੱਪਣੀਕਾਰ ਇਸ ਗੱਲ ਤੇ ਸਹਿਮਤ ਹੁੰਦੇ ਹਨ ਕਿ ਪਰਕਾਸ਼ ਦੀ ਪੋਥੀ ਸਿਰਫ ਇੱਕੋ ਜਗਵੇਦੀ ਦਾ ਜ਼ਿਕਰ ਕਰਦੀ ਹੈ। ਰੌਬਰਟ ਮਾਊਂਸ ਨੇ ਟਿੱਪਣੀ ਕੀਤੀ ਹੈ, "ਸ਼ਾਇਦ ਇਹ ਕਿਆਸ ਲਗਾਉਣਾ ਅਣਆਵੱਸ਼ਕ ਹੈ ਕਿ ਇਹ ਜਗਵੇਦੀ ਹੋਮ ਦੀਆਂ ਬਲੀਆਂ ਵਾਲੀ ਜਗਵੇਦੀ ਸੀ ਜਾਂ ਧੂਪ ਵਾਲੀ ਜਗਵੇਦੀ ਸੀ। . . . ਇਸ ਗੱਲ ਦਾ ਕੋਈ ਕਾਰਣ ਹੀ ਨਹੀਂ ਹੈ ਕਿ ਯੂਹੰਨਾ ਦੇ ਦਰਸ਼ਣ ਵਿੱਚ ਦੋਵਾਂ ਨੂੰ ਇਕੱਠੇ ਇੱਕ ਵਜੋਂ ਇੱਕ ਦੂਜੇ ਵਿੱਚ ਰਚਨਾ ਚਾਹੀਦਾ ਹੈ।"[13] ਕਿਉਂਕਿ ਬਲੀਦਾਨ ਇਸ ਦਰਸ਼ਣ ਦਾ ਮੁੱਖ ਵਿਸ਼ਾ ਹੈ, ਇਸ ਸਮੇਂ ਅਸੀਂ ਇਸ ਜਗਵੇਦੀ ਦੇ "ਪਿੱਤਲ ਦੀ ਜਗਵੇਦੀ" ਵਜੋਂ ਪਰਗਟ ਹੋਣ ਦੀ ਕਲਪਨਾ ਕਰਦੇ ਹਾਂ (KJV)। ਕੁਝ ਲੋਕ ਇਹ ਦਲੀਲ ਦਿੰਦੇ ਹਨ ਕਿ ਇਹ ਬਲੀਦਾਨ ਵਾਲੀ ਜਗਵੇਦੀ ਨਹੀਂ ਹੋ ਸਕਦੀ ਕਿਉਂਕਿ ਯਿਸੂ ਨੇ "ਸਾਰਿਆਂ ਦੇ ਲਈ ਇੱਕੋ ਵਾਰ" ਬਲੀਦਾਨ ਦਿੱਤਾ ਸੀ (ਇਬਰਾਨੀਆਂ 10:10, 12), ਪਰ ਮਸੀਹੀ ਲੋਕਾਂ ਦੇ ਲਈ ਆਪਣੇ ਆਪ ਨੂੰ ਪ੍ਰਭੂ ਦੇ ਅੱਗੇ ਆਤਮਿਕ ਭੇਟਾਂ ਜਾਂ ਬਲੀਦਾਨ ਦੇ ਰੂਪ ਵਿੱਚ ਚੜ੍ਹਾਉਣ ਦੀ ਵੀ ਗੱਲ ਕੀਤੀ ਗਈ ਹੈ (ਇਬਰਾਨੀਆਂ 13:15; ਵੇਖੋ ਰੋਮੀਆਂ 12:1)।

ਪੁਰਾਣੇ ਨੇਮ ਵਿੱਚ, ਜਦੋਂ ਹੋਮ ਦੀ ਜਗਵੇਦੀ ਤੇ ਬਲੀਦਾਨ ਚੜ੍ਹਾਏ ਜਾਂਦੇ ਸਨ, ਤਾਂ ਜਾਜਕ ਬਲੀਦਾਨ ਕੀਤੇ ਜਾ ਰਹੇ ਜਾਨਵਰ ਦਾ "ਸਾਰਾ ਲਹੂ ਹੋਮ ਦੀ ਜਗਵੇਦੀ ਦੇ ਹੇਠ ਜੋ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਹੈ ਡੋਹਲ" ਦਿੰਦੇ ਸਨ (ਲੇਵੀਆਂ 4:18; ਵੇਖੋ ਕੂਚ 29:12; ਲੇਵੀਆਂ 4:7, 30)। ਜੋਸੇਫਸ ਅਨੁਸਾਰ, ਪ੍ਰਾਸਚਿੱਤ ਦੇ ਦਿਨ ਦੌਰਾਨ, ਜਗਵੇਦੀ ਦੇ ਆਲੇ-ਦੁਆਲੇ ਲਹੂ ਗਿੱਟਿਆਂ ਤੱਕ ਹੁੰਦਾ ਸੀ। ਧਰਤੀ ਉੱਤੇ ਲਹੂ ਦਾ ਡੋਹਲਿਆ ਜਾਣਾ ਰਸਮ ਦਾ ਇੱਕ ਅਹਿਮ ਹਿੱਸਾ ਹੁੰਦਾ ਸੀ, ਕਿਉਂਕਿ ਪਰਮੇਸ਼ੁਰ ਨੇ ਕਿਹਾ ਸੀ ਕਿ "ਸਰੀਰ ਦੀ ਜਿੰਦ ਉਸ ਦੇ ਲਹੂ ਵਿੱਚ ਹੈ" (ਲੇਵੀਆਂ 17:11; ਵੇਖੋ ਲੇਵੀਆਂ 17:14; ਬਿਵਸਥਾ ਸਾਰ 12:23)। ਇਹ ਸੱਚਾਈ ਕਿ ਸ਼ਹੀਦਾਂ ਦੀਆਂ ਜਾਨਾਂ ਜਗਵੇਦੀ ਹੇਠ ਸਨ ਮਹੱਤਵਪੂਰਣ ਹੈ ਕਿਉਂਕਿ ਉਨ੍ਹਾਂ ਦੀ ਜਿੰਦ ਦਾ ਲਹੂ ਯਹੋਵਾਹ ਦੇ ਅੱਗੇ ਇੱਕ ਬਲੀਦਾਨ ਦੇ ਰੂਪ ਵਿੱਚ ਡੋਹਲਿਆ ਗਿਆ ਸੀ।

ਪ੍ਰਤੀਕਵਾਦ ਦਾ ਉਦੇਸ਼ ਸ਼ਾਇਦ ਪਾਠਕਾਂ ਨੂੰ ਹਾਬਲ ਦੇ ਉਸ ਲਹੂ ਬਾਰੇ ਚੇਤੇ ਕਰਾਉਣਾ ਵੀ ਹੋ ਸਕਦਾ ਹੈ ਜਿਹੜਾ ਜ਼ਮੀਨ ਵੱਲੋਂ ਦੁਹਾਈ ਦਿੰਦਾ ਹੈ (ਉਤਪਤ 4:10)। ਇਸ ਤੋਂ ਇਲਾਵਾ, ਪੌਲੁਸ ਨੇ ਇਹੋ ਜਿਹੇ ਹੀ ਪ੍ਰਤੀਕਵਾਦ ਦੀ ਵਰਤੋਂ ਕੀਤੀ ਸੀ ਜਦੋਂ ਉਸ ਨੇ 2 ਤਿਮੋਥਿਉਸ ਵਿੱਚ 4:6 ਵਿੱਚ ਆਪਣੇ ਸ਼ਹੀਦ ਹੋਣ ਦੀ ਗੱਲ ਕੀਤੀ ਸੀ: "ਕਿਉਂ ਜੋ ਹੁਣ ਮੈਂ ਆਪਣੇ ਲਹੂ ਦਾ ਅਰਘ ਦੇਣ ਨੂੰ ਹਾਂ ਅਤੇ ਮੇਰੇ ਕੂਚ ਦਾ ਨਗਾਰਾ ਵੱਜਣ ਲੱਗਾ ਹੈ।"

**ਆਇਤ 10.** ਉਨ੍ਹਾਂ ਦੁਆਰਾ ਪੁੱਛਿਆ ਗਿਆ ਸਵਾਲ ਜਿਹੜੇ ਬਲੀਦਾਨ ਹੋਏ ਸਨ ਇਸ ਦ੍ਰਿਸ਼ ਦਾ ਕੇਂਦਰੀ ਵਿਸ਼ਾ ਹੈ: **ਅਤੇ ਓਹਨਾਂ ਵੱਡੀ ਅਵਾਜ਼ ਨਾਲ ਪੁਕਾਰ ਕੇ ਇਹ ਆਖਿਆ ਭਈ ਹੇ ਸੁਆਮੀ ਜੀ, ਜਿਹੜਾ ਪਵਿੱਤਰ ਅਤੇ ਸਤ ਹੈਂ ਕਦੋਂ ਤੋੜੀ ਤੂੰ ਨਿਆਉਂ ਨਹੀਂ ਕਰਦਾ ਅਤੇ ਧਰਤੀ ਦੇ ਵਾਸੀਆਂ ਕੋਲੋਂ ਸਾਡੇ ਲਹੂ ਦਾ ਵੱਟਾ ਨਹੀਂ ਲੈਂਦਾ ਹੈਂ?** ਇਸ ਸਵਾਲ ਵਿੱਚ ਇੱਕ ਗਿਲਾ ਹੋ ਸਕਦਾ ਹੈ, ਪਰ ਇਹ ਸਵਾਲ ਨਿਰਾਦਰ ਨੂੰ ਵਿਅਕਤ ਨਹੀਂ ਕਰਦਾ। ਸੁਆਮੀ ਜੀ ਯੂਨਾਨੀ ਸ਼ਬਦ δεσπότης (*ਡੈਸਪੋਟੇਸ* ) ਦਾ ਅਨੁਵਾਦ ਹੈ ਜਿਸ ਤੋਂ ਸਾਨੂੰ ਅੰਗ੍ਰੇਜ਼ੀ ਦਾ ਸ਼ਬਦ "ਡੈਸਪੋਟ" ਮਿਲਿਆ ਹੈ ਜਿਸ ਦਾ ਅਰਥ ਹੈ ਉਹ ਹਾਕਮ ਜਿਸ ਦੇ ਕੋਲ ਪੂਰਾ ਇਖ਼ਤਿਆਰ ਹੈ। ਇਹ ਉਹ ਸ਼ਬਦ ਹੈ ਜੋ ਇੱਕ ਗੁਲਾਮ ਉਸ ਵਿਅਕਤੀ ਨੂੰ ਸੰਬੋਧਿਤ ਕਰਨ ਦੇ ਲਈ ਵਰਤਦਾ ਸੀ ਜਿਸ ਦਾ ਉਸ ਦੇ ਜੀਵਨ ਤੇ ਪੂਰਾ ਵੱਸ ਹੁੰਦਾ ਸੀ। ਬਹੁਤ ਸਾਰੇ ਅਨੁਵਾਦਾਂ ਵਿੱਚ "ਸਭ ਤੋਂ ਵੱਡਾ ਸੁਆਮੀ" ਹੈ। "ਮਾਲਕ" ਸ਼ਬਦ ਵੀ ਇੱਕ ਚੰਗਾ ਅਨੁਵਾਦ ਹੋਵੇਗਾ। ਪਵਿੱਤਰ ਸ਼ਬਦ ਨੇ ਇਹ ਸਵੀਕਾਰ ਕੀਤਾ ਸੀ ਕਿ ਪਰਮੇਸ਼ੁਰ ਪਾਪ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਇਸ ਲਈ ਸਦਾ ਦੇ ਲਈ ਸਤਾਉਣ ਵਾਲਿਆਂ ਦੇ ਹੰਕਾਰ ਨੂੰ ਬਰਦਾਸ਼ਤ ਨਹੀਂ ਕਰੇਗਾ। ਪਰਮੇਸ਼ੁਰ ਦਾ ਸਤ ਵਜੋਂ ਹਵਾਲਾ ਦੇਣਾ ਇਸ ਗੱਲ ਨੂੰ ਮੰਨਣਾ ਸੀ ਕਿ ਉਹ ਆਪਣੇ ਵਾਅਦਿਆਂ ਨੂੰ ਪੂਰਾ ਕਰਦਾ ਹੈ ਜਿਸ ਦੇ ਵਿੱਚ ਆਪਣੇ ਲੋਕਾਂ ਦਾ ਵੱਟਾ ਲੈਣ ਦਾ ਉਸ ਦਾ ਵਾਅਦਾ ਵੀ ਸ਼ਾਮਲ ਸੀ। ਜਿੱਥੋਂ ਤੱਕ ਇਨ੍ਹਾਂ ਵਿਸ਼ਵਾਸੀਆਂ ਦਾ ਸੰਬੰਧ ਸੀ, ਸਵਾਲ ਇਹ ਨਹੀਂ ਸੀ ਕਿ ਪਰਮੇਸ਼ੁਰ ਉਨ੍ਹਾਂ ਨੂੰ ਨਿਰਦੋਸ਼ ਠਹਿਰਾਵੇਗਾ *ਜਾਂ ਨਹੀਂ*, ਪਰ ਸਵਾਲ ਇਹ ਸੀ ਕਿ *ਕਦੋਂ*।

**ਆਇਤ 11.** ਪਹਿਲਾਂ ਤਾਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਪਰਮੇਸ਼ੁਰ ਨੇ ਸੰਤਾਂ ਦੀ ਦੁਹਾਈ ਨੂੰ ਅਣਦੇਖਾ ਕਰ ਦਿੱਤਾ ਸੀ। ਸਵਾਲ "ਕਦੋਂ ਤੋੜੀਂ?" ਬਿਨਾਂ ਕਿਸੇ ਜਵਾਬ ਦੇ ਅੱਧ ਵਿੱਚਾਲੇ ਲਟਕਿਆ ਹੋਇਆ ਪ੍ਰਤੀਤ ਹੁੰਦਾ ਹੈ।

> **ਅਤੇ ਓਹਨਾਂ ਵਿੱਚੋਂ ਹਰੇਕ ਨੂੰ ਚਿੱਟਾ ਬਸਤਰ ਦਿੱਤਾ ਗਿਆ ਅਤੇ ਓਹਨਾਂ ਨੂੰ ਇਹ ਬਚਨ ਹੋਇਆ ਭਈ ਥੋੜਾ ਚਿਰ ਹੋਰ ਅਰਾਮ ਕਰੋ ਜਦੋਂ ਤੀਕ ਤੁਹਾਡੇ ਨਾਲ ਦੇ ਦਾਸਾਂ ਅਤੇ ਤੁਹਾਡੇ ਭਰਾਵਾਂ ਦੀ ਜਿਹੜੇ ਤੁਹਾਡੇ ਵਾਂਙੁ ਵੱਢੇ ਜਾਣਗੇ ਗਿਣਤੀ ਪੂਰੀ ਨਾ ਹੋ ਲਵੇ!**

ਫਿਰ ਵੀ, ਵਿਵਸਥਾ, ਕਾਰਵਾਈ ਅਤੇ ਨਸੀਹਤ ਵਿੱਚ, ਤਿੰਨ ਭਾਗਾਂ ਵਿੱਚ ਜਵਾਬ ਦਿੱਤਾ ਗਿਆ ਹੈ। ਮੂਲ ਜਵਾਬ ਹੈ, "ਜੋ ਸਹੀ ਹੈ ਉਹ ਕਰਨ ਦੇ ਲਈ ਤੁਹਾਨੂੰ *ਮੇਰੇ ਤੇ ਭਰੋਸਾ* ਕਰਨਾ ਪਵੇਗਾ।" ਤਿੰਨ ਭਾਗ ਇਹ ਹਨ:

1. *"ਮੇਰੇ ਤੇ ਭਰੋਸਾ ਕਰੋ: ਤੁਸੀਂ ਨਹੀਂ ਸਮਝ ਸਕਦੇ।"* ਕਿਸ ਨੇ ਉਨ੍ਹਾਂ ਨੂੰ ਬਸਤਰ ਦਿੱਤਾ ਸੀ? ਕਿਸ ਨੇ ਉਨ੍ਹਾਂ ਨੂੰ "ਅਰਾਮ ਕਰਨ" ਦੇ ਲਈ ਆਖਿਆ ਸੀ? ਸ਼ਾਇਦ ਸੁਰਗਦੂਤਾਂ ਨੇ ਉਨ੍ਹਾਂ ਨੂੰ ਉਹ ਬਸਤਰ ਦਿੱਤਾ ਸੀ (ਇਬਰਾਨੀਆਂ 1:13, 14)। ਨਸੀਹਤ ਸ਼ਾਇਦ ਜਗਵੇਦੀ ਤੋਂ ਆ ਸਕਦੀ ਹੈ (ਵੇਖੋ 9:13)। ਜੋ ਮਹੱਤਵਪੂਰਣ ਹੈ ਉਹ ਇਹ ਹੈ ਕਿ ਕੰਮ ਅਤੇ ਗੱਲਾਂ ਦੇ ਪਿੱਛੇ *ਪਰਮੇਸ਼ੁਰ* ਸੀ। ਸੱਚਾਈ ਇਹ ਹੈ ਕਿ ਸ਼ਹੀਦਾਂ ਨੂੰ ਚਿੱਟਾ ਬਸਤਰ ਦਿੱਤਾ ਗਿਆ ਸੀ ਅਤੇ "ਅਰਾਮ ਕਰਨ" ਨੂੰ ਕਿਹਾ ਗਿਆ ਸੀ, ਆਓ ਅਸੀਂ ਇਹ ਜਾਣੀਏ ਕਿ ਪਰਮੇਸ਼ੁਰ ਉਨ੍ਹਾਂ ਨੂੰ ਅਣਦੇਖਾ ਨਹੀਂ ਸੀ ਕਰ ਰਿਹਾ ਅਤੇ ਉਨ੍ਹਾਂ ਦੇ ਸਵਾਲ ਨੂੰ ਅਣਦੇਖਾ ਨਹੀਂ ਸੀ ਕਰ ਰਿਹਾ। ਫਿਰ, ਕਿਉਂ ਉਸ ਨੇ ਜਵਾਬ ਨਹੀਂ ਸੀ ਦਿੱਤਾ? ਸ਼ਾਇਦ ਇਸ ਲਈ ਕਿਉਂਕਿ ਉਹ ਸਮਝ ਨਹੀਂ ਸਕੇ। ਜਿੱਥੋਂ ਤੱਕ

ਸਮੁੱਚੀਆਂ ਯੋਜਨਾਵਾਂ ਅਤੇ ਉਦੇਸ਼ਾਂ ਦਾ ਸੰਬੰਧ ਹੈ, ਮਨੁੱਖ ਸਮਝਣ ਵਿੱਚ ਅਸਮਰੱਥ ਹਨ (ਯਸਾਯਾਹ 55:8, 9)। ਇਸ ਤੱਥ ਦੀ ਇੱਕ ਤੁਲਨਾ ਕੀਤੀ ਜਾ ਸਕਦੀ ਹੈ ਕਿ ਪਰਮੇਸ਼ੁਰ ਨੇ ਸਿੱਧੇ ਤੌਰ ਤੇ *ਅੱਯੂਬ ਦੀਆਂ* ਸ਼ਿਕਾਇਤਾਂ ਦਾ ਜਵਾਬ ਨਹੀਂ ਦਿੱਤਾ, ਬਲਕਿ ਉਸ ਨੇ ਅੱਯੂਬ ਦੀ ਸਮਝਣ ਦੀ ਯੋਗਤਾ ਨੂੰ ਸਾਬਤ ਕਰਨ ਦੇ ਲਈ ਅੱਯੂਬ ਨੂੰ ਕਾਫੀ ਸਾਰੇ ਸਵਾਲ ਪੁੱਛੇ। ਜੇ. ਡਬਲਿਯੂ. ਰੌਬਰਟਸ ਨੇ ਕਿਹਾ ਹੈ ਕਿ "ਪਰਮੇਸ਼ੁਰ ਦੀ ਚਿੰਤਾ ਸਵਾਲ ਪੁੱਛਣ ਵਾਲਿਆਂ ਨਾਲੋਂ ਕਿਤੇ ਜ਼ਿਆਦਾ ਵਿਸਤਰਤ ਹੈ"[14] – ਅਤੇ ਇਹ ਗੱਲ ਬੇਸ਼ੱਕ ਸੱਚ ਹੈ। ਸ਼ਹੀਦ ਮੌਜੂਦਾ ਸਮੇਂ ਬਾਰੇ ਚਿੰਤਤ ਸਨ, ਜਦ ਕਿ ਪ੍ਰਭੂ ਨੇ ਇਸ ਨੂੰ ਦੂਰ-ਦ੍ਰਿਸ਼ਟੀ ਨਾਲ ਵੇਖਿਆ ਸੀ।

2. *"ਮੇਰੇ ਤੇ ਭਰੋਸਾ ਕਰੋ: ਮੈਨੂੰ ਤੁਹਾਡੇ ਬਾਰੇ ਚਿੰਤਾ ਹੈ।"* ਹਾਲਾਂਕਿ ਪਰਮੇਸ਼ੁਰ ਨੇ ਸਵਾਲ ਦਾ ਸਿੱਧਾ ਜ਼ਬਾਨੀ ਜਵਾਬ ਨਹੀਂ ਸੀ ਦਿੱਤਾ, ਉਸ ਦੀ ਖਾਮੋਸ਼ੀ ਇਹ ਇਸ਼ਾਰਾ ਨਹੀਂ ਸੀ ਕਰਦੀ ਕਿ ਉਸ ਨੂੰ ਕੋਈ ਚਿੰਤਾ ਨਹੀਂ ਸੀ। ਸਤਾਓ ਅਤੇ ਪਰਤਾਵੇ ਪਰਮੇਸ਼ੁਰ ਦੇ ਪ੍ਰੇਮ ਨੂੰ ਨਹੀਂ ਮਿਟਾਉਂਦੇ। ਇੱਥੇ ਰੋਮੀਆਂ 8 ਅਧਿਆਇ ਵਿੱਚ ਪੌਲੁਸ ਦੇ ਸ਼ਬਦ ਬਿਲਕੁਲ ਢੁੱਕਵੇਂ ਹਨ:

> ਕੌਣ ਸਾਨੂੰ ਮਸੀਹ ਦੇ ਪ੍ਰੇਮ ਤੋਂ ਅੱਡ ਕਰੇਗਾ? ਕੀ ਬਿਪਤਾ ਯਾ ਕਸ਼ਟ ਯਾ ਅਨ੍ਹੇਰਾ ਯਾ ਕਾਲ ਯਾ ਨੰਗ ਯਾ ਭੋਜਲ ਯਾ ਤਲਵਾਰ? ਜਿਵੇਂ ਲਿਖਿਆ ਹੋਇਆ ਹੈ, "ਅਸੀਂ ਤੇਰੇ ਲਈ ਦਿਨ ਭਰ ਜਾਨੋਂ ਮਾਰੇ ਜਾਂਦੇ ਹਾਂ, ਅਸੀਂ ਕੋਹੀਆਂ ਜਾਣ ਵਾਲੀਆਂ ਭੇਡਾਂ ਦੇ ਤੁੱਲ ਗਿਣੇ ਜਾਂਦੇ ਹਾਂ। ਸਗੋਂ ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵਧ ਫਤਹ ਪਾਉਂਦੇ ਹਾਂ। ਕਿਉਂ ਜੋ ਮੈਨੂੰ ਪਰਤੀਤ ਹੈ ਭਈ ਨਾ ਮੌਤ, ਨਾ ਜੀਵਨ, ਨਾ ਦੂਤ, ਨਾ ਹਕੂਮਤਾਂ, ਨਾ ਵਰਤਮਾਨ ਵਸਤਾਂ, ਨਾ ਹੋਣ ਵਾਲੀਆਂ ਵਸਤਾਂ, ਨਾ ਸ਼ਕਤੀਆਂ। ਨਾ ਉਚਿਆਈ, ਨਾ ਡੂੰਘਿਆਈ, ਨਾ ਕੋਈ ਹੋਰ ਸਰਿਸ਼ਟੀ ਪਰਮੇਸ਼ੁਰ ਦੇ ਓਸ ਪ੍ਰੇਮ ਤੋਂ ਜਿਹੜਾ ਮਸੀਹ ਯਿਸੂ ਸਾਡੇ ਪ੍ਰਭੁ ਵਿੱਚ ਹੈ ਸਾਨੂੰ ਅੱਡ ਕਰ ਸੱਕੇਗੀ (ਰੋਮੀਆਂ 8:35-39)।

ਵਿਚਾਰ ਅਧੀਨ ਇਸ ਬੰਦ ਵਿੱਚ, ਪਰਮੇਸ਼ੁਰ ਨੇ ਹਰੇਕ ਸੰਤ ਨੂੰ ਇੱਕ **ਚਿੱਟਾ ਬਸਤਰ** ਦੇ ਕੇ ਆਪਣਾ ਪ੍ਰੇਮ ਵਿਖਾਇਆ। ਬਸਤਰ ਲਈ ਜਿਹੜਾ ਯੂਨਾਨੀ ਸ਼ਬਦ ਵਰਤਿਆ ਗਿਆ ਹੈ ਉਹ ਹੈ στολή (*ਸਟੋਲ*), ਜਿਸ ਦਾ ਅਰਥ ਹੈ "ਇੱਕ ਲੰਬਾ ਲਹਿਰਾਉਣ ਵਾਲਾ ਕੱਪੜਾ।"[15] ਪਰਕਾਸ਼ ਦੀ ਪੋਥੀ ਵਿੱਚ ਪਹਿਲੀ ਵਾਰ ਇਹ ਉਦਾਹਰਣ ਆਇਆ ਹੈ ਕਿ ਇਹ ਵਿਸ਼ੇਸ਼ ਸ਼ਬਦ ਵਰਤਿਆ ਗਿਆ ਸੀ; ਇਹ ਸ਼ਬਦ 7:9, 13; 22:14 ਵਿੱਚ ਫੇਰ ਵਰਤਿਆ ਜਾਵੇਗਾ। *ਸਟੋਲ* ਸ਼ਬਦ ਉਸੇ ਪ੍ਰਕਾਰ ਦੇ ਕੱਪੜੇ ਦਾ ਹਵਾਲਾ ਦਿੰਦਾ ਹੈ ਜਿਸ ਦਾ ਜ਼ਿਕਰ 1:13 ਵਿੱਚ "ਪੈਰਾਂ ਤੀਕ ਦਾ ਜਾਮਾ [ਜਾਂ ਕੱਪੜੇ]" ਦੇ ਰੂਪ ਵਿੱਚ ਕੀਤਾ ਗਿਆ ਸੀ। "ਬਸਤਰ" ਜਾਂ "ਕੱਪੜੇ" ἱμάτιον (*ਹਿਮੇਸ਼ਨ*) ਦੇ ਲਈ ਜ਼ਿਆਦਾ ਵਿਆਪਕ ਸ਼ਬਦ 3:4, 5, 18; 4:4; 16:15; 19:13, 16 ਵਿੱਚ ਮਿਲਦਾ ਹੈ। ਪਰਕਾਸ਼ ਦੀ ਪੋਥੀ ਵਿੱਚ ਦੋਹਾਂ ਸ਼ਬਦਾਂ ਦੇ ਅਰਥ ਵਿੱਚ ਕੋਈ ਖ਼ਾਸਾ ਫ਼ਰਕ ਨਹੀਂ ਹੈ।

ਪਰਮੇਸ਼ੁਰ ਦੀ ਪੋਥੀ ਵਿੱਚ ਪਰਮੇਸ਼ੁਰ ਦੀ ਪ੍ਰਵਾਨਗੀ ਵੱਲ ਇਸ਼ਾਰਾ ਕਰਨ ਦੇ ਲਈ ਚਿੱਟੇ ਬਸਤਰਾਂ ਦਾ ਬਾਰ-ਬਾਰ ਜ਼ਿਕਰ ਕੀਤਾ ਗਿਆ ਹੈ: ਇਹ *ਵਾਅਦੇ ਦੇ ਬਸਤਰ* ਸਨ। ਸੱਤ ਕਲੀਸੀਆਵਾਂ ਨੂੰ ਲਿਖੇ ਪੱਤਰਾਂ ਵਿੱਚ, "ਚਿੱਟੇ ਬਸਤਰਾਂ" ਦਾ ਉਨ੍ਹਾਂ ਨੂੰ ਵਾਅਦਾ ਦਿੱਤਾ ਗਿਆ ਸੀ ਜਿਹੜੇ ਜਿੱਤਣ ਵਾਲੇ ਸਨ (3:5)। ਇਹ *ਜਿੱਤ ਦੇ ਬਸਤਰ* ਸਨ। ਚਿੱਟਾ ਜਿੱਤ ਦਾ ਰੰਗ ਸੀ (6:2; 7:9; 19:14 ਤੇ ਟਿੱਪਣੀਆਂ ਵੇਖੋ)। ਇਸ ਦੀ ਪਰਵਾਹ ਕੀਤੇ ਬਿਨਾਂ ਕਿ ਧਰਤੀ ਦੇ ਵਾਸੀਆਂ ਨੂੰ ਕਿਸ ਤਰ੍ਹਾਂ ਦਾ ਪ੍ਰਤੀਤ ਹੁੰਦਾ ਸੀ, ਮਸੀਹੀਅਤ ਦਾ ਮੂਲ ਕਾਰਣ ਜੇਤੂ ਸੀ; ਜਿਹੜੇ

ਲੋਕ ਆਪਣੀ ਨਿਹਚਾ ਦੇ ਕਾਰਣ ਮਰੇ ਸਨ ਨਿੱਜੀ ਤੌਰ ਤੇ ਜੇਤੂ ਸਨ। ਇਹ *ਆਦਰ ਦੇ ਬਸਤਰ* ਸਨ। ਜੌਨ ਬੌਅ-ਮੈਨ ਨੇ ਚਿੱਟੇ ਬਸਤਰ ਦਾ "ਸੁਰਗੀ ਸਿੰਘਾਸਣ ਵਾਲੇ ਕਮਰੇ ਦੀ 'ਅਦਾਲਤੀ ਪਹਿਰਾਵੇ' ਦੇ ਰੂਪ ਵਿੱਚ ਹਵਾਲਾ ਦਿੱਤਾ ਸੀ।" ਉਸ ਨੇ ਕਿਹਾ, "ਕੀ ਰਾਜੇ ਦੀ ਪੁਸ਼ਾਕ ਦੀ ਕੁਲੀਨਤਾ ਤੋਂ ਇਲਾਵਾ ਹੋਰ ਕੁਝ ਨਹੀਂ ਪੇਸ਼ ਕੀਤਾ ਗਿਆ?"[16] ਉਨ੍ਹਾਂ ਦਿਨਾਂ ਵਿੱਚ ਕਿਸੇ ਖ਼ਾਸ ਮੌਕੇ ਦੇ ਲਈ ਢੁੱਕਵੇਂ ਬਸਤਰ ਪਹਿਨਣ ਦੀ ਜ਼ਰੂਰਤ ਮੱਤੀ 22:11-13 ਵਿੱਚ ਵੇਖੀ ਜਾ ਸਕਦੀ ਹੈ। ਪਰਕਾਸ਼ ਦੀ ਪੋਥੀ ਦੇ ਅਗਲੇ ਅਧਿਆਇ ਵਿੱਚ, ". . . ਇੱਕ ਵੱਡੀ ਭੀੜ . . . ਚਿੱਟੇ ਬਸਤਰ ਪਹਿਨੇ . . . ਸਿੰਘਾਸਣ ਦੇ ਸਾਹਮਣੇ ਅਤੇ ਲੇਲੇ ਦੇ ਸਾਹਮਣੇ ਖੜੀ ਹੈ" (7:9)।

ਸੰਤਾਂ ਨੂੰ ਚਿੱਟਾ ਬਸਤਰ ਦੇ ਕੇ, ਪਰਮੇਸ਼ੁਰ ਉਨ੍ਹਾਂ ਨੂੰ ਕਹਿ ਰਿਹਾ ਸੀ, "ਮੈਂ ਤੁਹਾਨੂੰ ਨਹੀਂ ਭੁੱਲਿਆ। ਮੈਂ ਜਾਣਦਾ ਹਾਂ ਤੁਸੀਂ ਕੀ ਝੱਲਿਆ ਹੈ ਅਤੇ ਮੈਨੂੰ ਤੁਹਾਡੇ ਤੇ ਮਾਣ ਹੈ। ਮੈਂ ਆਪਣੇ ਪ੍ਰੇਮ ਦੇ ਸਬੂਤ ਦੇ ਰੂਪ ਵਿੱਚ ਅਤੇ ਤੁਹਾਡੀ ਸਦੀਪਕ ਖੁਸ਼ੀ ਦੀ ਵਾਅਦੇ ਦੇ ਰੂਪ ਵਿੱਚ ਤੁਹਾਨੂੰ ਇਹ ਬਸਤਰ ਪਹਿਨਾਉਂਦਾ ਹਾਂ।"

3. *"ਮੇਰੇ ਤੇ ਭਰੋਸਾ ਕਰੋ: ਸਭ ਠੀਕ ਹੋ ਜਾਵੇਗਾ।"* ਪਰਮੇਸ਼ੁਰ ਨੇ ਨਾ ਸਿਰਫ ਸੰਤਾਂ ਦੇ ਲਈ ਕੁਝ *ਕੀਤਾ*; ਉਸ ਨੇ ਕੁਝ *ਕਿਹਾ* ਵੀ। **ਓਹਨਾਂ ਨੂੰ ਇਹ ਬਚਨ ਹੋਇਆ ਭਈ ਥੋੜ੍ਹਾ ਚਿਰ ਹੋਰ ਅਰਾਮ ਕਰੋ**। "ਥੋੜ੍ਹਾ ਚਿਰ" ਵਾਕ ਜਾਣਬੁੱਝ ਕੇ ਅਸਪੱਸ਼ਟ ਹੈ। ਇਸ ਲਿਖਤ ਵਿੱਚ ਵਾਕ ਦਾ ਉਦੇਸ਼ ਮਸੀਹੀ ਲੋਕਾਂ ਨੂੰ ਇਹ ਭਰੋਸਾ ਦਿਵਾਉਣਾ ਸੀ ਕਿ ਸਤਾਓ ਸਦਾ ਲਈ ਨਹੀਂ ਚੱਲੇਗਾ। ਹਾਲਾਂਕਿ ਉਨ੍ਹਾਂ ਨੂੰ ਸਹੀ-ਸਹੀ ਸਮਾਂ ਨਹੀਂ ਸੀ ਦੱਸਿਆ ਗਿਆ, ਉਹ ਇਸ ਗੱਲ ਬਾਰੇ ਭਰੋਸੇਮੰਦ ਹੋ ਸਕਦੇ ਸਨ ਕਿ ਆਖ਼ਰਕਾਰ ਸਤਾਓ ਖਤਮ ਹੋ ਜਾਵੇਗਾ।

ਅਨੁਵਾਦ ਕੀਤਾ ਗਿਆ "ਅਰਾਮ" ਸ਼ਬਦ ਜਿਹੜਾ ਕਿ ਯੂਨਾਨੀ ਸ਼ਬਦ ἀναπαύω (*ਅਨਾਪੁਓ* ) ਤੋਂ ਆਇਆ ਹੈ ਉਸ ਦਾ ਅਰਥ "ਉਡੀਕ ਕਰਨਾ" ਅਤੇ ਭਾਵ ਅਰਥ ਵਿੱਚ "ਧੀਰਜਵਾਨ ਬਣਨਾ" ਹੋ ਸਕਦਾ ਹੈ। ਗੁਡਸਪੀਡਜ ਅਨੁਵਾਦ ਕਹਿੰਦਾ ਹੈ ਕਿ "ਉਨ੍ਹਾਂ ਨੂੰ ਥੋੜ੍ਹਾ ਚਿਰ ਹੋਰ ਸ਼ਾਂਤ ਰਹਿਣ ਦੇ ਲਈ ਕਿਹਾ ਗਿਆ ਸੀ।"[17] ਪਰਕਾਸ਼ ਦੀ ਪੋਥੀ ਵਿੱਚ ਅੱਗੇ ਜਾ ਕੇ, ਇਹ ਸ਼ਬਦ "ਸੁੱਖ ਅਤੇ ਸ਼ਾਂਤੀ ਦੀ ਅਵਸਥਾ" ਦਾ ਹਵਾਲਾ ਦਿੰਦਾ ਹੈ: "'ਧੰਨ ਓਹ ਮੁਰਦੇ ਜਿਹੜੇ ਏਦੋਂ ਅੱਗੇ ਪ੍ਰਭੂ ਵਿੱਚ ਹੋ ਕੇ ਮਰਨ!' ਆਤਮਾ ਆਖਦਾ ਹੈ, ਹਾਂ, ਇਸ ਲਈ ਜੋ ਓਹਨਾਂ ਦੀਆਂ ਮਿਹਨਤਾਂ ਤੋਂ ਓਹਨਾਂ ਨੂੰ ਅਰਾਮ ਮਿਲੇਗਾ'" (14:13; ਜ਼ੋਰ ਦਿੱਤਾ ਗਿਆ ਹੈ)। 6:11 ਵਿੱਚ "ਅਰਾਮ" ਦਾ ਅਰਥ ਸ਼ਾਇਦ ਉਹੀ ਹੈ ਜੋ 14:13 ਵਿੱਚ ਹੈ।

ਸ਼ਹੀਦਾਂ ਨੂੰ ਕਿਹਾ ਗਿਆ ਸੀ ਕਿ **ਅਰਾਮ ਕਰੋ ਜਦੋਂ ਤੀਕ ਤੁਹਾਡੇ ਨਾਲ ਦੇ ਦਾਸਾਂ ਅਤੇ ਤੁਹਾਡੇ ਭਰਾਵਾਂ ਦੀ ਜਿਹੜੇ ਤੁਹਾਡੇ ਵਾਂਙੁ ਵੱਢੇ ਜਾਣਗੇ ਗਿਣਤੀ ਪੂਰੀ ਨਾ ਹੋ ਲਵੇ**। ਇਹ ਭਾਸ਼ਾ ਇਹ ਭਾਵ ਦਿੰਦੀ ਹੈ ਕਿ ਪਰਮੇਸ਼ੁਰ ਦੇ ਹੱਥ ਵਿੱਚ ਕੈਲਕੁਲੇਟਰ ਸੀ ਅਤੇ ਉਹ ਵੱਢੇ ਗਏ ਲੋਕਾਂ ਦੀ ਤਦ ਤੱਕ ਗਿਣਤੀ ਕਰ ਰਿਹਾ ਸੀ ਜਦੋਂ ਤੱਕ ਕਿ ਉਹ ਇੱਕ ਨਿਸ਼ਚਤ ਕੁੱਲ ਤੱਕ ਨਹੀਂ ਪਹੁੰਚ ਜਾਂਦਾ। NASB ਬਾਈਬਲ ਵਿੱਚ, "ਗਿਣਤੀ" ਸ਼ਬਦ ਟੇਢੇ ਅੱਖਰਾਂ ਵਿੱਚ ਲਿਖਿਆ ਗਿਆ ਸੀ, ਜੋ ਇਹ ਇਸ਼ਾਰਾ ਕਰ ਰਿਹਾ ਸੀ ਕਿ ਉਨ੍ਹਾਂ ਨੂੰ ਅਨੁਵਾਦਕਾਂ ਦੁਆਰਾ ਜੋੜਿਆ ਗਿਆ ਸੀ। ਅਸਲ ਲਿਖਤ ਕਹਿੰਦੀ ਹੈ ਕਿ "ਜਦੋਂ ਤੱਕ ਉਨ੍ਹਾਂ ਦੇ ਨਾਲ ਦੇ ਦਾਸ ਅਤੇ ਉਨ੍ਹਾਂ ਦੇ ਭਰਾ . . . ਜਿਨ੍ਹਾਂ ਨੇ ਉਸ ਤਰ੍ਹਾਂ ਵੱਢੇ ਜਾਣਾ ਸੀ ਜਿਵੇਂ ਉਹ ਵੱਢੇ ਗਏ ਸਨ, ਸੰਪੂਰਣ [ਜਾਂ ਪੂਰਾ] ਨਹੀਂ ਹੋ ਜਾਂਦਾ।" CEV ਬਾਈਬਲ ਇਹ ਵਿਚਾਰ ਪੇਸ਼ ਕਰਦੀ ਹੈ: "ਹਾਲੇ ਵੀ ਮਸੀਹ ਦੀ ਸੇਵਾ ਵਿੱਚ ਉਨ੍ਹਾਂ ਦੇ ਕੁਝ

ਸਾਥੀ ਦਾਸ ਅਤੇ ਭਰਾ ਅਤੇ ਭੈਣਾਂ ਸਨ ਜਿਨ੍ਹਾਂ ਨੇ ਉਨ੍ਹਾਂ ਦੇ ਵਾਂਙੁ ਵੱਢੇ ਜਾਣਾ ਸੀ। ਉਨ੍ਹਾਂ ਨੇ ਤਦ ਤੱਕ ਉਡੀਕ ਕਰਨੀ ਸੀ ਜਦੋਂ ਤੱਕ ਇਹ ਪੂਰਾ ਨਾ ਹੋ ਜਾਂਦਾ।" ਲੀਓਨ ਮੌਰਿਸ ਨੇ ਆਇਤ 11 ਦੇ ਆਖ਼ਰੀ ਭਾਗ ਤੇ ਇਹ ਟਿੱਪਣੀ ਕੀਤੀ ਸੀ,

> ਇਸ ਦਾ ਅਰਥ ਇਹ ਨਹੀਂ ਸੀ ਕਿ ਪਰਮੇਸ਼ੁਰ ਸ਼ਹੀਦਾਂ ਦੀ ਇੱਕ ਖ਼ਾਸ ਗਿਣਤੀ ਚਾਹੁੰਦਾ ਸੀ ਅਤੇ ਉਹ ਤਦ ਤੱਕ ਉਡੀਕ ਕਰਦਾ ਹੈ ਜਦੋਂ ਤੱਕ ਉਹ ਕਿਸੇ ਨਾ ਕਿਸੇ ਤਰ੍ਹਾਂ ਉਸ ਗਿਣਤੀ ਤੱਕ ਨਹੀਂ ਪਹੁੰਚ ਜਾਂਦਾ। [ਬਲਕਿ, ਇਸ ਦਾ ਅਰਥ ਇਹ ਹੈ ਕਿ] ਉਹ ਆਪਣੀ ਯੋਜਨਾ ਨੂੰ ਪੂਰਾ ਕਰ ਰਿਹਾ ਸੀ ਅਤੇ ਉਸ ਯੋਜਨਾ ਵਿੱਚ ਹੋਰ ਸ਼ਹੀਦਾਂ ਲਈ ਵੀ ਸਥਾਨ ਹੈ। ਉਸ ਯੋਜਨਾ ਵਿੱਚ ਨਾ ਤਾਂ ਕਾਹਲੀ ਕੀਤੀ ਜਾਵੇਗੀ ਅਤੇ ਨਾ ਹੀ ਦੇਰੀ।[18]

ਸੰਭਵ ਤੌਰ ਤੇ ਪਰਮੇਸ਼ੁਰ ਦੀਆਂ ਕੀ ਯੋਜਨਾਵਾਂ ਹੋ ਸਕਦੀਆਂ ਸਨ ਜਿਨ੍ਹਾਂ ਨੇ ਹੋਰ ਜ਼ਿਆਦਾ ਸਮਾਂ ਲੰਘਣ ਨੂੰ ਸਹੀ ਠਹਿਰਾਇਆ ਹੋਵੇਗਾ ਅਤੇ ਇਸ ਤਰ੍ਹਾਂ ਮਸੀਹੀ ਲੋਕਾਂ ਨੂੰ ਵੱਢੇ ਜਾਣ ਦਿੱਤਾ ਹੋਵੇਗਾ? ਪਰਮੇਸ਼ੁਰ ਧਰਮੀ ਦੀ ਮੌਤ ਨੂੰ ਉਸ ਤਰ੍ਹਾਂ ਨਹੀਂ ਵੇਖਦਾ ਜਿਵੇਂ ਅਸੀਂ ਵੇਖਦੇ ਹਾਂ (ਜ਼ਬੂਰ 116:15)। ਪਤਰਸ ਦੇ ਸਮੇਂ ਵਿੱਚ, ਕੁਝ ਲੋਕ ਹੈਰਾਨ ਸਨ ਕਿ ਪ੍ਰਭੂ ਹਾਲੇ ਤੱਕ ਕਿਉਂ ਨਹੀਂ ਸੀ ਵਾਪਸ ਆਇਆ (2 ਪਤਰਸ 3:3, 4)। ਇਹ ਜ਼ੋਰ ਦੇਣ ਤੋਂ ਬਾਅਦ ਕਿ ਪਰਮੇਸ਼ੁਰ ਸਮੇਂ ਨੂੰ ਉਸ ਤਰ੍ਹਾਂ ਨਹੀਂ ਵੇਖਦਾ ਜਿਵੇਂ ਕਿ ਅਸੀਂ ਵੇਖਦੇ ਹਾਂ (2 ਪਤਰਸ 3:8), ਪਤਰਸ ਨੇ ਵਿਸਤਾਰ ਨਾਲ ਸਮਝਾਇਆ ਕਿ ਕਿਉਂ ਯਿਸੂ ਦੀ ਵਾਪਸੀ ਨੂੰ ਅੱਗੇ ਪਾ ਦਿੱਤਾ ਗਿਆ ਸੀ: "ਪ੍ਰਭੂ ਆਪਣੇ ਵਾਇਦੇ [ਵਾਪਸ ਆਉਣ] ਦਾ ਮੱਠਾ ਨਹੀਂ ਜਿਵੇਂ ਕਿੰਨੇ ਹੀ ਮੱਠੇ ਦਾ ਭਰਮ ਕਰਦੇ ਹਨ ਪਰ ਉਹ ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ" (2 ਪਤਰਸ 3:9)। "ਦੇਰੀ ਦਾ ਹਰੇਕ ਪਲ ਖੁਸ਼ਖ਼ਬਰੀ ਦੇ ਪ੍ਰਚਾਰ ਲਈ ਇੱਕ ਤੋਹਫ਼ਾ ਹੈ।"[19] ਇੱਕ ਕਾਰਣ ਜਿਸ ਕਰਕੇ ਪਰਮੇਸ਼ੁਰ ਨੇ ਸਤਾਉਣ ਵਾਲਿਆਂ ਨੂੰ ਤੁਰੰਤ ਸਜ਼ਾ ਨਹੀਂ ਸੀ ਦਿੱਤੀ ਉਹ ਇਹ ਸੀ ਕਿ ਉਹ ਉਨ੍ਹਾਂ ਨੂੰ ਤੋਬਾ ਕਰਨ ਦਾ ਮੌਕਾ ਦੇਣਾ ਚਾਹੁੰਦਾ ਸੀ।

ਜਦੋਂ ਅਸੀਂ ਇਨ੍ਹਾਂ ਵਿਚਾਰਾਂ ਨੂੰ ਪਰਮੇਸ਼ੁਰ ਦੇ ਜਵਾਬ ਨਾਲ ਜੋੜਦੇ ਹਾਂ, ਸਾਨੂੰ ਪ੍ਰਭੂ ਵੱਲੋਂ ਇੱਕ ਮੂਲ ਨਸੀਹਤ ਮਿਲਦੀ ਹੈ: "ਮੈਂ ਆਪਣੀਆਂ ਯੋਜਨਾਵਾਂ ਨੂੰ ਪੂਰਾ ਕਰ ਰਿਹਾ ਹਾਂ। ਉਨ੍ਹਾਂ ਯੋਜਨਾਵਾਂ ਨੂੰ ਪੂਰਾ ਹੋਣ ਵਿੱਚ ਥੋੜ੍ਹਾ ਚਿਰ ਹੋਰ ਲੱਗੇਗਾ, ਪਰ ਕਦੀ ਵੀ ਇਹ ਸ਼ੱਕ ਨਾ ਕਰੋ ਕਿ ਉਹ ਪੂਰੀਆਂ ਨਹੀਂ ਹੋ ਰਹੀਆਂ। ਤੁਸੀਂ ਉਨ੍ਹਾਂ ਵਿੱਚ ਕਾਹਲੀ ਕਰਨ ਦੇ ਲਈ ਕੁਝ ਨਹੀਂ ਕਰ ਸਕਦੇ, ਇਸ ਲਈ ਜਦੋਂ ਤੁਸੀਂ ਉਡੀਕ ਕਰ ਰਹੇ ਹੋ, ਧੀਰਜਵਾਨ ਬਣੋ। ਖਿੱਝਣ ਦੀ ਬਜਾਇ, ਆਪਣੀ ਬਚੀ ਹੋਈ ਹਾਲਤ ਦੀਆਂ ਬਰਕਤਾਂ ਦਾ ਅਨੰਦ ਮਾਣੋ!" ਦੂਜੇ ਸ਼ਬਦਾਂ ਵਿੱਚ, "ਮੇਰੇ ਤੇ ਭਰੋਸਾ ਕਰੋ; ਸਭ ਠੀਕ ਹੋ ਜਾਵੇਗਾ।"

ਬਾਈਬਲ ਵਿੱਚ ਜਦੋਂ ਲੋਕਾਂ ਨੇ ਪਰਮੇਸ਼ੁਰ ਨੂੰ ਪੁੱਛਿਆ, "ਕਦੋਂ ਤੋੜੀ?" ਪਰਮੇਸ਼ੁਰ ਨੇ ਉਸ ਦੇ ਆਪਣੇ ਸਮੇਂ ਤੇ ਹਾਲਾਤ ਨੂੰ ਸਹੀ ਬਣਾਇਆ। ਪਰਕਾਸ਼ ਦੀ ਪੋਥੀ ਵਿੱਚ ਅੱਗੇ ਜਾ ਕੇ, ਇਸ ਗੱਲ ਦੇ ਨਾਟਕੀ ਵਰਣਨ ਹੋਣਗੇ ਕਿ ਪਰਮੇਸ਼ੁਰ ਨੇ ਆਪਣੇ ਲੋਕਾਂ ਦੇ ਸਤਾਓ ਸੰਬੰਧੀ ਹਰੇਕ ਚੀਜ਼ ਨੂੰ ਸਹੀ ਬਣਾਉਣ ਦੇ ਲਈ ਕੀ ਕਰਨ ਦੀ ਯੋਜਨਾ ਬਣਾਈ ਸੀ (19:2 ਤੇ ਟਿੱਪਣੀਆਂ ਵੇਖੋ)। ਅਬਰਾਹਾਮ ਸਹੀ ਸੀ ਜਦੋਂ ਉਸ ਨੇ ਕਿਹਾ, "ਕੀ ਸਾਰੀ ਧਰਤੀ ਦਾ ਨਿਆਈ ਨਿਆਉਂ ਨਾ ਕਰੇਗਾ?" (ਉਤਪਤ 18:26)।

## ਛੇਵੀਂ ਮੋਹਰ (6:12-17)

**[12]ਜਾਂ ਉਹ ਨੇ ਛੇਵੀ ਮੋਹਰ ਤੋੜੀ ਤਾਂ ਮੈਂ ਡਿੱਠਾ ਅਤੇ ਵੱਡਾ ਭੁਚਾਲ ਆਇਆ ਅਤੇ ਸੂਰਜ ਵਾਲਾਂ ਦੇ ਭੂਰੇ ਵਰਗਾ ਕਾਲਾ ਹੋ ਗਿਆ ਅਤੇ ਸਾਰਾ ਚੰਦਰਮਾ ਲਹੂ ਜਿਹਾ ਬਣ ਗਿਆ। [13]ਅਤੇ ਅਕਾਸ਼ ਦੇ ਤਾਰੇ ਧਰਤੀ ਉੱਤੇ ਡਿੱਗ ਪਏ ਜਿਸ ਪਰਕਾਰ ਹਜੀਰ ਦੇ ਬੂਟੇ ਤੋਂ ਜਾਂ ਵੱਡੀ ਅਨ੍ਹੇਰੀ ਨਾਲ ਝੋਕੇ ਖਾਂਦਾ ਹੈ ਤਾਂ ਉਹ ਦੇ ਕੱਚੇ ਫਲ ਝੜ ਜਾਂਦੇ ਹਨ। [14]ਅਤੇ ਅਕਾਸ਼ ਵਲ੍ਹੇਟਵੀਂ ਪੋਥੀ ਵਾਂਙੁ ਸਰਕ ਗਿਆ ਅਤੇ ਹਰੇਕ ਪਹਾੜ ਅਤੇ ਟਾਪੂ ਆਪੋ ਆਪਣੇ ਠਿਕਾਣਿਓਂ ਹਿੱਲ ਗਿਆ। [15]ਅਤੇ ਧਰਤੀ ਦੇ ਰਾਜਿਆਂ, ਅਮੀਰਾਂ, ਫ਼ੌਜ ਦੇ ਸਰਦਾਰਾਂ, ਧਨਵਾਨਾਂ, ਬਲਵੰਤਾਂ ਅਤੇ ਹਰੇਕ ਗੁਲਾਮ ਅਤੇ ਅਜ਼ਾਦ ਨੇ ਆਪਣੇ ਆਪ ਨੂੰ ਗੁਫਾਂ ਵਿੱਚ ਅਤੇ ਪਹਾੜਾਂ ਦੀਆਂ ਚਟਾਨਾਂ ਵਿੱਚ ਲੁਕੋ ਲਿਆ। [16]ਅਤੇ ਓਹ ਪਹਾੜਾਂ ਅਤੇ ਚਟਾਨਾਂ ਨੂੰ ਕਹਿਣ ਲੱਗੇ ਭਈ ਸਾਡੇ ਉੱਤੇ ਡਿੱਗ ਪਓ! ਅਤੇ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਉਹ ਦੇ ਸਾਹਮਣਿਓਂ ਅਤੇ ਲੇਲੇ ਦੇ ਕ੍ਰੋਧ ਤੋਂ ਸਾਨੂੰ ਲੁਕਾ ਲਓ! [17]ਕਿਉਂ ਜੋ ਓਹਨਾਂ ਦੇ ਕ੍ਰੋਧ ਦਾ ਵੱਡਾ ਦਿਹਾੜਾ ਆ ਪਹੁੰਚਿਆ ਹੈ! ਹੁਣ ਕੌਣ ਖਲੋ ਸੱਕਦਾ ਹੈ?**

ਜਦੋਂ ਯੂਹੰਨਾ ਨੇ ਉਸ ਸਵਾਲ ਤੇ ਵਿਚਾਰ ਕੀਤਾ ਜੋ ਉਨ੍ਹਾਂ ਦੁਆਰਾ ਪੁੱਛਿਆ ਗਿਆ ਸੀ ਜਿਹੜੇ "ਜਗਵੇਦੀ ਦੇ ਹੇਠਾਂ" ਸਨ, ਪਰਦਾ ਡਿੱਗ ਗਿਆ। ਯੂਹੰਨਾ ਸੋਚੀਂ ਪੈ ਗਿਆ ਕਿ ਪਰਮੇਸ਼ੁਰ ਦਾ ਆਖ਼ਰੀ ਜਵਾਬ ਕੀ ਹੋਵੇਗਾ। ਜਿਵੇਂ ਕਿ ਜਵਾਬ ਵਿੱਚ ਹੈ, ਪਰਦਾ ਫੇਰ ਉੱਠਣਾ ਸ਼ੁਰੂ ਹੋ ਗਿਆ। ਇੱਕ ਵਾਰ ਫੇਰ ਇੱਕ ਅਵਾਜ਼ ਨੇ ਯੂਹੰਨਾ ਦੇ ਕੰਨਾਂ ਤੇ ਧਾਵਾ ਬੋਲ ਦਿੱਤਾ; ਪਰ ਇਸ ਵਾਰ, ਅਵਾਜ਼ਾਂ ਦੀ ਬਜਾਇ, ਉਸ ਨੇ ਤਬਾਹੀਆਂ, ਗੜਗੜਾਹਟਾਂ ਅਤੇ ਧਮਾਕਿਆਂ ਦੀਆਂ ਅਵਾਜ਼ਾਂ ਸੁਣੀਆਂ: ਕਾਇਨਾਤ ਦੀਆਂ ਧੱਜੀਆਂ ਉੱਡਣ ਲੱਗੀਆਂ। ਯੂਹੰਨਾ ਨੇ ਜੋ ਵੇਖਿਆ ਉਸ ਨੇ ਉਸ ਨੂੰ ਹਿਲਾ ਕੇ ਰੱਖ ਦਿੱਤਾ ਹੋਵੇਗਾ।

ਉਨ੍ਹਾਂ ਦ੍ਰਿਸ਼ਾਂ ਦੇ ਮੁਕਾਬਲੇ ਜੋ ਉਸ ਸਮੇਂ ਪਰਗਟ ਕੀਤੇ ਗਏ ਸਨ ਜਦੋਂ ਪੰਜਵੀਂ ਅਤੇ ਛੇਵੀਂ ਮੋਹਰ ਤੋੜੀ ਗਈ ਸੀ ਹੋਰ ਵਧੇਰੇ ਨਾਟਕੀ ਦ੍ਰਿਸ਼ਾਂ ਦੀ ਕਲਪਨਾ ਕਰਨਾ ਮੁਸ਼ਕਲ ਹੋਵੇਗਾ। ਛੇਵੀਂ ਮੋਹਰ ਵਾਲਾ ਦ੍ਰਿਸ਼ ਉਸ ਸਵਾਲ ਦੇ ਪ੍ਰਤੀ ਪਰਮੇਸ਼ੁਰ ਦਾ ਜਵਾਬ ਸੀ ਜਿਹੜਾ ਪੰਜਵੀਂ ਮੋਹਰ ਦੇ ਸੰਬੰਧ ਵਿੱਚ ਪੁੱਛਿਆ ਗਿਆ ਸੀ। ਪੰਜਵੀਂ ਮੋਹਰ ਅਤੇ ਸ਼ਹੀਦਾਂ ਦੀ ਦੁਹਾਈ ਦੇ ਜਵਾਬ ਵਿੱਚ (6:10), ਅਸਲ ਵਿੱਚ, ਪਰਮੇਸ਼ੁਰ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਹਾਲੇ "ਵੱਟਾ ਲੈਣ" ਦਾ ਸਮਾਂ ਨਹੀਂ ਸੀ, ਪਰ ਇੱਕ ਨਾ ਇੱਕ ਦਿਨ ਉਹ ਜ਼ਰੂਰ ਵੱਟਾ *ਲਵੇਗਾ*।

ਛੇਵੀਂ ਮੋਹਰ ਦਾ ਟੁੱਟਣਾ ਇਹ ਵਿਖਾਉਂਦਾ ਹੈ ਕਿ ਪਰਮੇਸ਼ੁਰ ਦੇ ਸਬਰ ਦੀ ਵੀ ਕੋਈ ਹੱਦ ਹੈ। ਹਮੇਸ਼ਾ ਇੱਕ ਸਮਾਂ ਆਉਂਦਾ ਹੈ ਜਦੋਂ ਪਰਮੇਸ਼ੁਰ ਕਹਿੰਦਾ ਹੈ, "ਬਸ ਹੁਣ ਮੈਂ ਬਰਦਾਸ਼ਤ ਨਹੀਂ ਕਰ ਸਕਦਾ!"[20] ਜਦੋਂ ਉਸ ਤਰ੍ਹਾਂ ਹੁੰਦਾ ਹੈ, ਜਿਵੇਂ ਕਿ ਇਬਰਾਨੀਆਂ ਦੇ ਲੇਖਕ ਨੇ ਕਿਹਾ ਹੈ, "ਜੀਉਂਦੇ ਪਰਮੇਸ਼ੁਰ ਦੇ ਹੱਥ ਵਿੱਚ ਪੈਣਾ ਭਿਆਣਕ ਗੱਲ ਹੈ" (ਇਬਰਾਨੀਆਂ 10:31)। ਪਰਕਾਸ਼ ਦੀ ਪੋਥੀ 6:12-17 ਸਾਨੂੰ ਦੱਸਦੀ ਹੈ ਕਿ ਇਹ ਕਿੰਨਾ ਭਿਆਣਕ ਹੈ।

ਇੱਕ ਲੇਖਕ ਨੇ ਇਸ ਦ੍ਰਿਸ਼ ਦਾ ਇਸ ਤਰ੍ਹਾਂ ਵਰਣਨ ਕੀਤਾ ਹੈ:

> ਅਚਾਣਕ ਕਾਇਨਾਤ ਵਿੱਚ ਅਫਰਾ-ਤਫਰੀ ਮੱਚ ਗਈ। ਇੱਕ ਭੁਚਾਲ ਨੇ ਸਾਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ; ਭੁਚਾਲ ਦੀ ਗਤੀ ਮਾਪਣ ਵਾਲਾ ਯੰਤਰ ਇਸ ਦੇ ਭਿਆਣਕ ਕਰੋਧ ਨੂੰ ਨਹੀਂ ਸੀ ਮਾਪ ਸਕਿਆ। ਸੂਰਜ ਨੂੰ ਗ੍ਰਹਿਣ ਲੱਗ ਗਿਆ। ਦਰਅਸਲ, ਯੂਹੰਨਾ ਦੱਸਦਾ ਹੈ,

"ਸੂਰਜ ਕਾਲਾ ਹੋ ਗਿਆ . . . ਸਾਰਾ ਚੰਦਰਮਾ ਲਹੂ ਜਿਹਾ ਬਣ ਗਿਆ ਅਤੇ ਅਕਾਸ਼ ਦੇ ਤਾਰੇ ਧਰਤੀ ਉੱਤੇ ਡਿੱਗ ਪਏ . . ." (ਪਰਕਾਸ਼ ਦੀ ਪੋਥੀ 6:12, 13)।

ਸੰਸਾਰ ਖੌਫ ਨਾਲ ਕੰਬ ਰਿਹਾ ਸੀ। ਵੱਡੇ-ਵੱਡੇ ਸ਼ਹਿਰ ਨਸ਼ਟ ਹੋ ਗਏ। ਯੂਹੰਨਾ ਰਾਜਿਆਂ, ਰਾਜਕੁਮਾਰਾਂ, ਜਰਨੈਲਾਂ; ਧਨਵਾਨਾਂ, ਬਲਵੰਤਾਂ, ਗੁਲਾਮ ਅਤੇ ਅਜ਼ਾਦ ਧਰਤੀ ਉੱਤੇ ਰਹਿ ਗਏ ਹਰੇਕ ਮਨੁੱਖ ਨੂੰ ਪਰਮੇਸ਼ੁਰ ਦੇ ਆਖ਼ਰੀ ਨਿਆਂ ਦੇ ਖੌਫ ਤੋਂ ਆਪਣੇ ਆਪ ਨੂੰ ਬਚਾਉਣ ਦੇ ਲਈ ਭੱਜਦਿਆਂ ਵੇਖਦਾ ਹੈ। ਉਹ ਪਹਾੜੀ ਗੁਫਾਂ ਵੱਲ ਨੂੰ ਭੱਜਦੇ ਹਨ। ਉਹ ਚਟਾਨਾਂ ਅਤੇ ਪਹਾੜਾਂ ਦੇ ਪਿੱਛੇ ਲੁਕਦੇ ਹਨ। ਪਰ ਬਚਣ ਲਈ ਕੋਈ ਥਾਂ ਨਹੀਂ ਹੈ।[21]

ਟਿੱਪਣੀਕਾਰ ਇਸ ਗੱਲ ਤੇ ਚਰਚਾ ਕਰਦੇ ਹਨ ਕਿ ਇਹ ਪਰਮੇਸ਼ੁਰ ਦੇ ਵੈਰੀਆਂ ਦੀ ਦੁਨਿਆਵੀ ਸਜ਼ਾ (ਰੋਮੀ ਸਾਮਰਾਜ ਦੀ ਸਜ਼ਾ) ਦਾ ਹਵਾਲਾ ਦਿੰਦਾ ਹੈ ਜਾਂ ਇਹ ਅੰਤ ਦੇ ਸਮੇਂ ਵਿੱਚ ਸੰਸਾਰ ਦੇ ਆਖ਼ਰੀ ਨਾਸ ਦਾ ਵਰਣਨ ਕਰਦਾ ਹੈ। ਉਹ ਮੁੱਦਾ ਸੁਲਝਾਇਆ ਜਾਵੇਗਾ, ਪਰ ਇਸ ਸਵਾਲ ਦੀ ਇੱਕ ਸੀਮਤ ਮਹੱਤਤਾ ਹੈ। ਪਰਮੇਸ਼ੁਰ ਦਾ ਕਰੋਧ ਪਰਮੇਸ਼ੁਰ ਦਾ ਕਰੋਧ ਹੈ ਭਾਵੇਂ ਇਹ ਹੁਣ ਹੋਵੇ ਜਾਂ ਉਸ ਸਮੇਂ ਹੋਵੇ ਜਦੋਂ ਮਸੀਹ ਦੁਬਾਰਾ ਆਵੇਗਾ ਅਤੇ ਕੋਈ ਵੀ ਵਿਅਕਤੀ ਇਸ ਕਰੋਧ ਦਾ ਅਨੁਭਵ ਨਹੀਂ ਕਰਨਾ ਚਾਹੁੰਦਾ!

12 ਤੋਂ 17 ਆਇਤਾਂ ਸੁਭਾਵਕ ਤੌਰ ਤੇ ਦੋ ਭਾਗਾਂ ਵਿੱਚ ਵੰਡੀਆਂ ਜਾਂਦੀਆਂ ਹਨ: ਕਾਇਨਾਤ ਦੀ ਤਬਾਹੀ ਦੀ ਤਸਵੀਰ (ਆਇਤਾਂ 12-14) ਅਤੇ ਡਰੇ ਹੋਏ ਮਨੁੱਖਾਂ ਦਾ ਵਰਣਨ (ਆਇਤਾਂ 15-17)। ਕੀ 12 ਤੋਂ 14 ਆਇਤਾਂ ਇਸ ਗੱਲ ਦਾ ਜਥਾਰਥ ਵਰਣਨ ਹੈ ਕਿ ਸੰਸਾਰ ਦਾ ਅੰਤ ਕਿਵੇਂ ਹੋਵੇਗਾ? ਸ਼ਾਇਦ ਨਹੀਂ, ਹਾਲਾਂਕਿ ਬਾਈਬਲ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਇਹ ਵਰਤਮਾਨ ਸੰਸਾਰ ਨਾਸ ਹੋ ਜਾਵੇਗਾ ਜਦੋਂ ਪ੍ਰਭੂ ਦੁਬਾਰਾ ਵਾਪਸ ਆਵੇਗਾ।

. . . ਪ੍ਰਭੂ ਦਾ ਦਿਨ ਚੋਰ ਵਾਂਙੁ ਆਵੇਗਾ ਜਿਹ ਦੇ ਵਿੱਚ ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ ਅਤੇ ਧਰਤੀ ਉਨ੍ਹਾਂ ਕਾਰਾਗਰੀਆਂ ਸਣੇ ਜੋ ਉਸ ਵਿੱਚ ਹਨ ਜਲ ਬਲ ਜਾਵੇਗੀ। . . . ਅਕਾਸ਼ ਬਲ ਕੇ ਢਲ ਜਾਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਪੱਘਰ ਜਾਣਗੀਆਂ! (2 ਪਤਰਸ 3:10, 12)।

ਨਿਸ਼ਚਤ ਤੌਰ ਤੇ, ਪਰਕਾਸ਼ ਦੀ ਪੋਥੀ 6:12-14 ਦਾ ਜ਼ਿਆਦਾਤਰ ਅਲੰਕਾਰ ਕਾਇਨਾਤੀ ਵਿਨਾਸ਼ ਸੰਬੰਧੀ ਬਾਈਬਲ ਦੀ ਸਿੱਖਿਆ ਨਾਲ ਢੁੱਕਵਾਂ ਬੈਠਦਾ ਹੈ। ਕਿਉਂਕਿ ਅਸੀਂ ਜਾਣਦੇ ਹਾਂ ਕਿ ਹਰੇਕ ਚੀਜ਼ ਸੂਖਮ ਅੰਸ਼ਾਂ ਨਾਲ ਬਣੀ ਹੈ ਅਤੇ ਇਨ੍ਹਾਂ ਸੂਖਮ ਅੰਸ਼ਾਂ ਨੂੰ ਟੁਕੜੇ-ਟੁਕੜੇ ਕੀਤਾ ਜਾ ਸਕਦਾ ਹੈ, ਪਰਕਾਸ਼ ਦੀ ਪੋਥੀ 6:12-14 ਦੀ ਭਾਸ਼ਾ ਓਨੀ ਕਾਲਪਨਕ ਪ੍ਰਤੀਤ ਨਹੀਂ ਹੁੰਦੀ ਜਿੰਨੀ ਕਿ ਇਹ ਇੱਕ ਸਮੇਂ ਸੀ। ਫਿਰ ਵੀ, ਪਰਕਾਸ਼ ਦੀ ਪੋਥੀ 6 ਵਿੱਚ ਕੁਝ ਵੇਰਵੇ ਜਥਾਰਥ ਨਹੀਂ ਸੀ ਹੋ ਸਕਦੇ। ਉਦਾਹਰਣ ਦੇ ਲਈ, ਕੀ ਤਾਰੇ ਧਰਤੀ ਉੱਤੇ ਡਿੱਗਣਗੇ? ਤਾਰੇ ਧਰਤੀ ਨਾਲੋਂ ਕਈ ਗੁਣਾਂ ਵੱਡੇ ਹਨ; ਉਹ ਜਥਾਰਥ ਰੂਪ ਵਿੱਚ "ਧਰਤੀ ਵੱਲ ਨੂੰ" ਨਹੀਂ ਸੀ ਡਿੱਗ ਸਕਦੇ।

ਜੇਕਰ 12 ਤੋਂ 14 ਆਇਤਾਂ ਵਿੱਚ ਸੰਸਾਰ ਦੇ ਅੰਤ ਬਾਰੇ ਵਿਸਤਰਤ ਵੇਰਵਾ ਨਹੀਂ ਸੀ ਦਿੱਤਾ ਗਿਆ, ਤਾਂ ਪਵਿੱਤਰ ਆਤਮਾ ਨੇ ਯੂਹੰਨਾ ਨੂੰ ਇਹੋ ਜਿਹੀ ਚਿੱਤਰਕਾਰੀ ਵਾਲੀ ਭਾਸ਼ਾ ਕਿਉਂ ਵਰਤਣ ਦਿੱਤੀ? ਯੂਹੰਨਾ ਨੇ ਉਸ ਪ੍ਰਤੀਕਵਾਦ ਦੀ ਵਰਤੋਂ ਕੀਤੀ ਜਿਸ ਤੋਂ ਉਸ ਦੇ ਪਾਠਕ ਚੰਗੀ ਤਰ੍ਹਾਂ ਜਾਣੂ ਸਨ: ਪੂਰੀ ਬਾਈਬਲ ਵਿੱਚ ਪ੍ਰਤੀਕਵਾਦ ਮਿਲਦਾ ਹੈ, ਪ੍ਰਤੀਕਵਾਦ ਜਿਸ ਨੇ ਇਹ ਐਲਾਨ ਕੀਤਾ ਕਿ ਪਰਮੇਸ਼ੁਰ ਦਖ਼ਲਅੰਦਾਜ਼ੀ ਕਰ ਰਿਹਾ ਸੀ ਜਾਂ ਲੋਕਾਂ ਦੇ ਜੀਵਨਾਂ ਵਿੱਚ

ਦਖ਼ਲਅੰਦਾਜ਼ੀ ਕਰੇਗਾ।

ਬੰਦ ਪੁਰਾਣੇ ਨੇਮ ਵਿੱਚੋਂ ਸ਼ਬਦਾਂ ਦੇ ਇੱਕ ਸੁਮੇਲ, ਨਾਲੇ ਨੇਮਾਂ ਵਿੱਚੋਂ ਯਹੂਦੀ ਸਾਹਿਤ ਦੀ ਵਰਤੋਂ ਕਰਦਾ ਹੈ। ਯੂਹੰਨਾ ਨੇ ਹਰੇਕ ਡਰਾਉਣੀ ਚੀਜ਼ ਦਾ ਢੇਰ ਲਾ ਦਿੱਤਾ ਜਿਸ ਦੀ ਉਸ ਸਮੇਂ ਦੇ ਲੋਕ ਉਸ ਖੌਫ ਦਾ ਚਿੱਤਰ ਬਣਾਉਣ ਦੀ ਕਲਪਨਾ ਵੀ ਨਹੀਂ ਸੀ ਕਰ ਸਕੇ ਜੋ ਉਨ੍ਹਾਂ ਦੀ ਉਡੀਕ ਕਰ ਰਹੀ ਸੀ ਜਿਨ੍ਹਾਂ ਨੇ ਪਰਮੇਸ਼ੁਰ ਦਾ ਵਿਰੋਧ ਕੀਤਾ ਸੀ।[22] ਜਦੋਂ ਜੌਨ ਬੌਅਮੈਨ ਨੇ 12 ਤੋਂ 14 ਆਇਤਾਂ ਦੀ ਸ਼ਬਦਾਵਲੀ ਤੇ ਚਰਚਾ ਕੀਤੀ, ਉਸ ਨੇ ਸ਼ਬਦਾਂ ਦੀ ਮੰਦਭਾਗੀ ਚੋਣ ਦੀ ਵਰਤੋਂ ਕੀਤੀ। ਉਸ ਨੇ ਲਿਖਿਆ, "ਇਨ੍ਹਾਂ ਕਾਇਨਾਤੀ ਘਟਨਾਵਾਂ ਨੂੰ ਉਨ੍ਹਾਂ ਦੀ ਆਪਣੀ ਖ਼ਾਤਰ ਜ਼ਿਆਦਾ ਗੰਭੀਰਤਾ ਨਾਲ ਨਹੀਂ ਲਿਆ ਜਾਣਾ ਚਾਹੀਦਾ।"[23] ਇਸ ਦ੍ਰਿਸ਼ ਨੂੰ *ਜਥਾਰਥ ਰੂਪ ਵਿੱਚ* ਲੈਣਾ ਜ਼ਰੂਰੀ ਨਹੀਂ ਹੈ, ਪਰ ਇਸ ਨੂੰ *ਗੰਭੀਰਤਾ ਨਾਲ* ਲਓ। ਇਹ ਗਲਾਤੀਆਂ 6:7 ਦੀ ਸੱਚਾਈ ਦੀ ਇੱਕ ਸਪੱਸ਼ਟ ਤਾਕੀਦ ਹੈ: ". . . ਪਰਮੇਸ਼ੁਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ।"

**ਆਇਤ 12. ਜਾਂ ਉਹ ਨੇ ਛੇਵੀ ਮੋਹਰ ਤੋੜੀ ਤਾਂ ਮੈਂ ਡਿੱਠਾ ਅਤੇ ਵੱਡਾ ਭੁਚਾਲ ਆਇਆ ਅਤੇ ਸੂਰਜ ਵਾਲਾਂ ਦੇ ਭੂਰੇ ਵਰਗਾ ਕਾਲਾ ਹੋ ਗਿਆ ਅਤੇ ਸਾਰਾ ਚੰਦਰਮਾ ਲਹੂ ਜਿਹਾ ਬਣ ਗਿਆ।** ਭੁਚਾਲ ਦਾ ਪ੍ਰਤੀਕਵਾਦ ਹਿਜ਼ਕੀਏਲ 38:19 ਵਿੱਚ ਮਿਲਦਾ ਹੈ (ਵੇਖੋ ਯੋਏਲ 2:10; ਆਮੋਸ 8:8; ਹੱਜਈ 2:6)। ਧਰਤੀ ਦਾ ਹਿੱਲਣਾ ਉਸ ਹਿੱਲਣ ਨੂੰ ਦਰਸਾਉਂਦਾ ਹੈ ਜਿਸ ਨੂੰ ਲੋਕ ਨਾ ਹਿੱਲਣਯੋਗ ਸਮਝਦੇ ਸਨ। ਬਹੁਤ ਸਾਰੇ ਲੋਕ *ਟੈਰਾ ਫਰਮਾ*, "ਠੋਸ ਧਰਤੀ" ਸ਼ਬਦ ਦੀ ਵਰਤੋਂ ਕਰਦੇ ਹਨ, ਪਰ ਉਸ ਸਮੇਂ ਦਹਿਸ਼ਤ ਸ਼ੁਰੂ ਹੋ ਗਈ ਜਦੋਂ "ਠੋਸ" ਧਰਤੀ ਹੇਠੋਂ ਕੰਬਣ ਲੱਗ ਪਈ। ਭਵਿੱਖਸੂਚਕ ਲੇਖਕਾਂ ਨੇ ਉਸ ਚੀਜ਼ ਨੂੰ ਹਟਾਉਣ ਦਾ ਪ੍ਰਤੀਕ ਦੇਣ ਦੇ ਲਈ ਜਿਸ ਤੇ ਲੋਕ ਨਿਰਭਰ ਕਰਦੇ ਹਨ ਭੁਚਾਲਾਂ ਦੀ ਵਰਤੋਂ ਕੀਤੀ। "ਧਰਤੀ ਦਾ ਹਿੱਲਣਾ" ਸ਼ਬਦ ਫਿਰ ਵੀ ਉਨ੍ਹਾਂ ਮਹੱਤਵਪੂਰਣ ਘਟਨਾਵਾਂ ਦਾ ਹਵਾਲਾ ਦੇਣ ਦੇ ਲਈ ਵਰਤਿਆ ਗਿਆ ਹੈ ਜੋ ਮਨੁੱਖਜਾਤੀ ਨੂੰ ਪ੍ਰਭਾਵਿਤ ਕਰਦੀਆਂ ਹਨ।

ਯੋਏਲ ਨੇ **ਸੂਰਜ** ਦੇ ਕਾਲਾ ਪੈਣ ਅਤੇ **ਚੰਦਰਮਾ** ਦੇ ਲਹੂ ਵਿੱਚ ਬਦਲਣ ਦਾ ਹਵਾਲਾ ਦਿੱਤਾ ਸੀ (ਯੋਏਲ 2:31; ਵੇਖੋ ਯਸਾਯਾਹ 13:10; 50:3; ਹਿਜ਼ਕੀਏਲ 32:7; ਆਮੋਸ 8:9)। **ਤੱਪੜ** ਇੱਕ ਖਰ੍ਹਵਾ ਕੱਪੜਾ ਸੀ ਜੋ ਮੁੱਖ ਤੌਰ ਤੇ ਨਾ ਸਿਰਫ ਤੱਪੜ ਬਣਾਉਣ ਦੇ ਲਈ ਵਰਤਿਆ ਜਾਂਦਾ ਸੀ, ਪਰ ਸੋਗ ਦੇ ਸਮਿਆਂ ਵਿੱਚ ਪਹਿਨਣ ਵਾਲੇ ਕੱਪੜੇ ਬਣਾਉਣ ਦੇ ਲਈ ਵੀ। ਆਇਤ 12 ਵਿੱਚ ਤੱਪੜ ਸਪੱਸ਼ਟ ਰੂਪ ਵਿੱਚ **ਕਾਲੀਆਂ** ਬੱਕਰੀਆਂ ਦੇ **ਵਾਲਾਂ** ਤੋਂ ਬਣਾਇਆ ਗਿਆ ਸੀ।

**ਆਇਤ 13. ਅਤੇ ਅਕਾਸ਼ ਦੇ ਤਾਰੇ ਧਰਤੀ ਉੱਤੇ ਡਿੱਗ ਪਏ ਜਿਸ ਪਰਕਾਰ ਹਜੀਰ ਦੇ ਬੂਟੇ ਤੋਂ ਜਾਂ ਵੱਡੀ ਅਨ੍ਹੇਰੀ ਨਾਲ ਝੋਕੇ ਖਾਂਦਾ ਹੈ ਤਾਂ ਉਹ ਦੇ ਕੱਚੇ ਫਲ ਝੜ ਜਾਂਦੇ ਹਨ।** ਕੁਝ ਲੋਕ ਸੋਚਦੇ ਹਨ ਕਿ ਤਾਰਿਆਂ ਦਾ ਧਰਤੀ ਉੱਤੇ ਡਿੱਗਣਾ ਮਹੱਤਵਪੂਰਣ ਸ਼ਖਸੀਅਤਾਂ ਦੇ ਡਿੱਗਣ ਦਾ ਹਵਾਲਾ ਦੇ ਰਿਹਾ ਹੈ। ਪੁਰਾਣੇ ਨੇਮ ਵਿੱਚ ਕਈ ਵਾਰ ਮਹਾਨ ਮਨੁੱਖਾਂ ਨੂੰ ਤਾਰੇ ਕਿਹਾ ਗਿਆ ਸੀ। ਫਿਰ ਵੀ, ਪਰਕਾਸ਼ ਦੀ ਪੋਥੀ 6 ਵਿੱਚ, ਤਾਰਿਆਂ ਦਾ ਡਿੱਗਣਾ ਸਮੁੱਚੀ ਤਸਵੀਰ ਦਾ ਹਿੱਸਾ ਹੈ ਅਤੇ ਸ਼ਾਇਦ ਇਸ ਤੋਂ ਇਲਾਵਾ ਇਸ ਦੀ ਕੋਈ ਮਹੱਤਤਾ ਨਹੀਂ ਹੈ। ਯਸਾਯਾਹ ਨੇ ਤਾਰਿਆਂ ਦੇ ਹਟਾਏ ਜਾਣ ਅਤੇ "ਅਕਾਸ਼ਾਂ ਦੇ ਲਪੇਟੇ ਜਾਣ" ਦੀ ਗੱਲ ਕੀਤੀ ਸੀ (ਯਸਾਯਾਹ 34:4)। ਕੱਚੇ ਫਲ ਉਸ ਦਾ ਰੂਪ ਸੀ "ਜਿਹੜਾ ਸਰਦੀ ਦੇ ਸਮੇਂ ਦੌਰਾਨ ਉੱਗਦਾ ਹੈ, ਫਿਰ ਵੀ ਪੱਕਦਾ ਨਹੀਂ ਹੈ,

ਪਰ ਬਸੰਤ ਰੁੱਤ ਵਿੱਚ ਝੜ ਜਾਂਦਾ ਹੈ।"[24]

**ਆਇਤ 14. ਅਤੇ ਅਕਾਸ਼ ਵਲ੍ਹੇਟਵੀਂ ਪੋਥੀ ਵਾਂਙੁ ਸਰਕ ਗਿਆ ਅਤੇ ਹਰੇਕ ਪਹਾੜ ਅਤੇ ਟਾਪੂ ਆਪੋ ਆਪਣੇ ਠਿਕਾਣਿਓਂ ਹਿੱਲ ਗਿਆ।** ਕਿਉਂਕਿ ਇੱਕ ਗਿਆ **ਵਲ੍ਹੇਟਵੀਂ ਪੋਥੀ** ਨੂੰ ਵਲ੍ਹੇਟ ਕੇ ਰੱਖਿਆ ਜਾਂਦਾ ਹੈ, ਇਸ ਨੂੰ ਖੁੱਲ੍ਹਾ ਰੱਖਣ ਦੇ ਲਈ ਇਸ ਨੂੰ ਖਿੱਚ ਕੇ ਖੋਲ੍ਹ ਕੇ ਰੱਖਣਾ ਚਾਹੀਦਾ ਹੈ। ਇੱਕ ਸੁੱਕੇ, ਨਾਜ਼ੁਕ ਖਰੜੇ ਨੂੰ ਖੁੱਲ੍ਹਾ ਰੱਖੇ ਜਾਣ ਦੇ ਨਲ, ਇਸ ਦੇ ਕਿਨਾਰੇ ਵਾਪਸ ਮੁੜ ਜਾਂਦੇ ਹਨ। ਇਸੇ ਪ੍ਰਕਾਰ ਅਕਾਸ਼ ਖੁੱਲ੍ਹਿਆ ਹੋਇਆ ਅਤੇ ਲਪੇਟਿਆ ਜਾ ਰਿਹਾ ਦਿਖਾਇਆ ਗਿਆ ਹੈ। ਯੂਜੀਨ ਐੱਚ. ਪੀਟਰਸਨ ਆਪਣੀ ਵਿਆਖਿਆ ਵਿਚ, ਅੱਜ ਦੇ ਪਾਠਕਾਂ ਦੁਆਰਾ ਹੋਰ ਵੀ ਵਧੇਰੇ ਜਾਣੇ-ਪਹਿਚਾਣੇ ਜਾਣ ਵਾਲੇ ਰੂਪ ਦਾ ਇਸਤੇਮਾਲ ਕਰਦਾ ਹੈ: "ਅਕਾਸ਼ ਇੱਕ ਪੁਸਤਕ ਦੇ ਵਾਂਗ ਬੰਦ ਕਰ ਦਿੱਤਾ ਗਿਆ।"[25]

ਯਿਰਮਿਯਾਹ ਨੇ ਪਹਾੜਾਂ ਦੇ ਕੰਬਣ ਦੀ ਕਲਪਨਾ ਦਾ ਇਸਤੇਮਾਲ ਕੀਤਾ (ਯਿਰਮਿਯਾਹ 4:24; ਵੇਖੋ ਨਹੂਮ 1:5)। ਹਿਜ਼ਕੀਏਲ ਨੇ ਦੀਪਾਂ ਦੇ ਵਿਨਾਸ਼ ਦੇ ਵਿਸ਼ੇ ਵਿਚ ਲਿਖਿਆ ਸੀ (ਹਿਜ਼ਕੀਏਲ 27:35; KJV; ਵੇਖੋ ਹਿਜ਼ਕੀਏਲ 26:15, 18; KJV)। ਪਹਾੜਾਂ ਅਤੇ ਦੀਪਾਂ ਵਿਚ ਨੇੜਤਾ ਦਾ ਸੰਬੰਧ ਹੁੰਦਾ ਹੈ; ਇੱਕ ਦੀਪ ਸਧਾਰਣ ਤੌਰ ਤੇ ਸਮੁੰਦਰ ਦੇ ਵਿਚੋਂ ਨਿਕਲਿਆ ਹੋਇਆ ਇੱਕ ਪਹਾੜ ਹੀ ਹੁੰਦਾ ਹੈ। ਇਸ ਪ੍ਰਸੰਗ ਵਿਚ, ਸ਼ਬਦ **ਦੀਪ** ਸ਼ਾਇਦ ਇਸ ਗੱਲ ਉੱਤੇ ਜ਼ੋਰ ਦੇਣ ਦੇ ਲਈ ਇਸਤੇਮਾਲ ਕੀਤਾ ਜਾਂਦਾ ਹੈ ਕਿ ਧਰਤੀ ਦਾ ਕੋਈ ਵੀ ਹਿੱਸਾ ਭੁਚਾਲ ਤੋਂ ਬਚ ਨਹੀਂ ਸਕੇਗਾ; ਦੀਪਾਂ ਨੂੰ ਧਰਤੀ ਉੱਤੇ ਸਭ ਤੋਂ ਉੱਚੀ ਜਗਾ ਸਮਝਿਆ ਜਾਂਦਾ ਸੀ।

**ਆਇਤ 15.** ਅਗਲੀਆਂ ਆਇਤਾਂ ਇਸ ਦੇ ਕਾਇਨਾਤੀ ਵਿਨਾਸ਼ ਤੋਂ ਇਸ ਦੇ ਪ੍ਰਭਾਵ ਵੱਲ ਅੱਗੇ ਵੱਧਦੀਆਂ ਹਨ: **ਅਤੇ ਧਰਤੀ ਦੇ ਰਾਜਿਆਂ, ਅਮੀਰਾਂ, ਫੌਜ ਦੇ ਸਰਦਾਰਾਂ, ਧਨਵਾਨਾਂ, ਬਲਵੰਤਾਂ ਅਤੇ ਹਰੇਕ ਗੁਲਾਮ ਅਤੇ ਅਜ਼ਾਦ ਨੇ ਆਪਣੇ ਆਪ ਨੂੰ ਗੁਫਾਂ ਵਿੱਚ ਅਤੇ ਪਹਾੜਾਂ ਦੀਆਂ ਚਟਾਨਾਂ ਵਿੱਚ ਲੁਕੋ ਲਿਆ।** ਪਹਾੜਾਂ ਅਤੇ ਗੁਫਾਵਾਂ ਵਿਚ ਆਪਣੇ ਆਪ ਨੂੰ ਲੁਕਾਉਣ ਦਾ ਵਿਚਾਰ ਹੋਸ਼ੇਆ 10:8 ਅਤੇ ਯਸਾਯਾਹ 2:19 ਵਿਚ ਵਰਤਿਆ ਗਿਆ ਸੀ। ਜਦੋਂ ਉਸ ਨੇ ਉਨ੍ਹਾਂ ਦੁੱਖਾਂ ਦੀ ਗੱਲ ਕੀਤੀ ਸੀ ਜੋ ਯਰੂਸ਼ਲਮ ਦੇ ਉੱਤੇ ਆਏ ਸਨ ਤਾਂ ਯਿਸੂ ਨੇ ਉਸ ਰੇਖਾ-ਚਿੱਤਰ ਦਾ ਇਸਤੇਮਾਲ ਕੀਤਾ (ਲੂਕਾ 23:30)।

ਆਇਤ 15 ਵਿਚ ਵਰਣਨ ਕੀਤੇ ਗਏ ਸੱਤਾਂ ਵਰਗਾਂ ਵਿਚ ਸਾਰੀ ਮਨੁੱਖ ਜਾਤੀ ਸ਼ਾਮਲ ਹੈ, ਖਾਸ ਤੌਰ ਤੇ ਜਿਨ੍ਹਾਂ ਨੇ ਪਰਮੇਸ਼ੁਰ ਦੀ ਇੱਛਾ ਦਾ ਵਿਰੋਧ ਕੀਤਾ ਸੀ। "ਸੱਤ" ਸੰਪੂਰਨਤਾ ਨੂੰ ਦਰਸਾਉਣ ਵਾਲਾ ਇੱਕ ਅੰਕ ਹੈ। ਉਸ ਸਮੇਂ ਜਦੋਂ ਯੂਹੰਨਾ ਲਿਖ ਰਿਹਾ ਸੀ, ਜਦੋਂ ਲੋਕਾਂ ਨੇ **ਧਰਤੀ ਦੇ ਰਾਜਿਆਂ** ਪੜ੍ਹਿਆ, ਤਾਂ ਉਨ੍ਹਾਂ ਨੇ ਸਮਰਾਟ ਡੋਮੀਸ਼ਨ ਦੇ ਬਾਰੇ ਅਤੇ ਉਸ ਤੋਂ ਛੋਟੇ ਰਾਜਿਆਂ ਦੇ ਵਿਸ਼ੇ ਵਿਚ ਸੋਚਿਆ ਹੋਵੇਗਾ ਜਿਨ੍ਹਾਂ ਨੇ ਉਸ ਦੀ ਮਰਜ਼ੀ ਅਤੇ ਉਸ ਦੇ ਸ਼ਾਸਨ ਦੇ ਅਧੀਨ ਰਾਜ ਕੀਤਾ ਸੀ। ਸ਼ਬਦ **ਅਮੀਰਾਂ** ਸ਼ਾਇਦ ਉਨ੍ਹਾਂ ਸ਼ਕਤੀਸ਼ਾਲੀ ਲੋਕਾਂ ਨੂੰ ਸੂਚਿਤ ਕਰਦਾ ਹੈ ਜੋ ਰਾਜਨੀਤਿਕ ਸ਼ਾਸਕ ਨਹੀਂ ਸਨ। ਮੂਲ ਯੂਨਾਨੀ ਵਿਚ ਇੱਕ ਮਿਸ਼ਰਤ ਸ਼ਬਦ ਹੈ ਜਿਸ ਦਾ ਸ਼ਾਬਦਿਕ ਅਰਥ "ਮਹਾਨ ਆਦਮੀ" ਜਾਂ "ਮਹਾਨ ਲੋਕ।" 18:23 ਵਿੱਚ ਵੀ ਇਹੀ ਸ਼ਬਦ ਪਾਇਆ ਜਾਂਦਾ ਹੈ, ਜਿੱਥੇ ਇਹ ਸ਼ਬਦ ਮਹੱਤਵਪੂਰਣ ਵਪਾਰੀ ਦਾ ਹਵਾਲਾ ਦਿੰਦਾ ਹੈ। ਕੁਝ ਅਨੁਵਾਦਾਂ ਵਿਚ ਇਸ ਸ਼ਬਦ ਦਾ ਅਨੁਵਾਦ "ਰਾਜਕੁਮਾਰਾਂ" ਦੇ ਰੂਪ ਵਿਚ ਕੀਤਾ ਗਿਆ ਸੀ। CEV ਵਿਚ ਇੱਕ ਦਿਲਚਸਪ ਸ਼ਬਦ ਹੈ: ਧਰਤੀ ਦੇ "ਮਸ਼ਹੂਰ ਲੋਕ।" ਸ਼ਬਦ **ਫੌਜ ਦੇ ਸਰਦਾਰਾਂ** ਦਾ

ਅਨੁਵਾਦ ਯੂਨਾਨੀ ਦੇ ਸ਼ਬਦ χιλίαρχος (*ਚਿਲੀਅਰਕੋਸ*) ਹੈ, ਜਿਸ ਦਾ ਅਰਥ ਹੈ "ਹਜ਼ਾਰ ਬੰਦਿਆਂ ਦਾ ਇੱਕ ਸੈਨਾਪਤੀ।" ਪੀਟਰਸਨ ਦੀ ਸੰਖੇਪ ਵਿਆਖਿਆ "ਜਨਰਲ ਹੈ।"[26] ਸ਼ਬਦ **ਧਨਵਾਨਾਂ** ਸਵੈ-ਵਿਆਖਿਆਤਮਕ ਹੈ। ਸ਼ਬਦ **ਬਲਵੰਤਾਂ** ਸਰੀਰਕ ਤੌਰ ਤੇ ਤਕੜੇ ਲੋਕਾਂ ਦੇ ਬਾਰੇ ਨਹੀਂ ਦੱਸਦਾ ਹੈ, ਸਗੋਂ ਉਨ੍ਹਾਂ ਦੇ ਵਿਸ਼ੇ ਵਿਚ ਬੋਲਦਾ ਹੈ ਜੋ ਦੇਸ਼ ਵਿਚ ਮਜ਼ਬੂਤ ਪ੍ਰਭਾਵ ਦਾ ਅਭਿਆਸ ਰੱਖਦੇ ਹਨ। ਇਸ ਲਈ ਯੂਹੰਨਾ ਰਾਜਨੀਤਿਕ ਨੇਤਾਵਾਂ, ਫੌਜੀ ਨੇਤਾਵਾਂ, ਅਤੇ ਸਮਾਜਿਕ ਨੇਤਾਵਾਂ ਦਾ ਹਵਾਲਾ ਦਿੰਦਾ ਹੈ। ਡੀ. ਟੀ. ਨਾਇਲ ਨੇ ਕਿਹਾ,

> . . . ਸਥਿਤੀ ਦਾ ਕੋਈ ਫਾਇਦਾ ਨਹੀਂ ਹੋਇਆ ਸੀ। ਇੱਥੋਂ ਤਕ ਕਿ ਧਰਤੀ ਦੇ ਰਾਜਿਆਂ ਦੇ ਲਈ ਵੀ ਕੋਈ ਸੁਰੱਖਿਆ ਨਹੀਂ ਸੀ। ਧਨੀ ਦਾ ਧਨ ਕੋਈ ਸੁਰੱਖਿਆ ਨਹੀਂ ਦੇ ਸਕਿਆ ਬਲਵੰਤਾਂ ਦਾ ਸ਼ਕਤੀ ਕੋਈ ਸ਼ਾਂਤੀ ਨਹੀਂ ਦੇ ਸਕੀ. . . । ਜੀਵਨ ਦੇ ਸਾਰੇ ਟਿਕਾਣਿਆਂ ਨੂੰ ਤੋੜਿਆ ਗਿਆ ਸੀ, ਅਤੇ ਮਨੁੱਖਾਂ ਨੇ ਡਰ ਦੇ ਮਾਰੇ ਆਪਣੇ ਆਪ ਨੂੰ ਲੁਕਾ ਲਿਆ. . . । ਉਨ੍ਹਾਂ ਦੇ ਸਾਰੇ ਦਿਖਾਵਿਆਂ ਨੂੰ ਖੋਹ ਲਿਆ ਗਿਆ ਅਤੇ ਜੀਵਨ ਦੀਆਂ ਸਾਰੀਆਂ ਉਪਲੱਬਧੀਆਂ ਤੋਂ ਸੱਖਣਾ ਕਰ ਦਿੱਤਾ ਗਿਆ ਸੀ, ਉਹ ਪਰਮੇਸ਼ੁਰ ਦੇ ਸਾਹਮਣੇ ਖੜੇ ਹੋਣ ਤੋਂ ਡਰੇ।[27]

**ਹਰੇਕ ਗੁਲਾਮ ਅਤੇ ਅਜ਼ਾਦ** ਸੂਚੀ ਦੇ ਅੰਤ ਵਿਚ ਆਉਂਦਾ ਹੈ। ਇੱਕ ਅਜ਼ਾਦ ਇੱਕ ਪੂਰਵ ਗੁਲਾਮ ਸੀ ਜਿਸ ਨੇ ਆਪਣੀ ਅਜ਼ਾਦੀ ਹਾਸਲ ਕੀਤੀ ਸੀ, ਪਰ ਜੋ ਹੁਣ ਵੀ ਮੁਸ਼ਕਲ ਦੇ ਨਾਲ ਜੀ ਰਿਹਾ ਸੀ। ਗੁਲਾਮ ਅਤੇ ਅਜ਼ਾਦ ਉਸ ਦਿਨ ਸਮਾਜਿਕ ਪੌੜੀ ਦੇ ਤਲ ਉੱਤੇ ਸਨ, ਅਤੇ ਆਮ ਤੌਰ ਤੇ ਪੌੜੀ ਹੋਰ ਵਰਗਾਂ ਦੇ ਮੈਂਬਰਾਂ ਦਾ ਉਨ੍ਹਾਂ ਦੇ ਨਾਲ ਬਹੁਤ ਹੀ ਥੋੜਾ ਜਾਂ ਬਿਲਕੁਲ ਸੰਬੰਧ ਨਹੀਂ ਸੀ। ਜਦਕਿ, ਪਰਮੇਸ਼ੁਰ ਦੇ ਕ੍ਰੋਧ ਦੇ ਸਾਹਮਣੇ, ਸਮਾਜਿਕ ਅੰਤਰ ਭੁੱਲ ਗਏ ਸਨ। ਪਰਮੇਸ਼ੁਰ ਨਾ ਤਾਂ ਆਪਣੀ ਦਯਾ ਨੂੰ ਵਿਖਾਉਣ ਦੇ ਸਮੇਂ "ਪੱਖ ਪਾਤ" ਕਰਦਾ ਹੈ; ਅਤੇ ਨਾ ਹੀ ਆਪਣੇ ਕ੍ਰੋਧ ਨੂੰ ਵਰ੍ਹਾਉਣ ਦੇ ਸਮੇਂ ਹੀ ਪੱਖ-ਪਾਤ ਕਰਦਾ ਹੈ (ਵੇਖੋ ਰਸੂਲਾਂ ਦੇ ਕਰਤੱਬ 10:34; ਰੋਮੀਆਂ 2:9-11)।

ਜਦੋਂ ਮਹਾਨ ਅਤੇ ਛੋਟੇ ਲੋਕ ਡਰ ਗਏ, ਤਾਂ ਉਨ੍ਹਾਂ ਨੇ ਲੁਕਣ ਦੀ ਕੋਸ਼ਿਸ਼ ਵਿਚ **ਆਪਣੇ ਆਪ ਨੂੰ ਗੁਫਾਂ ਵਿੱਚ ਅਤੇ ਪਹਾੜਾਂ ਦੀਆਂ ਚਟਾਨਾਂ ਵਿੱਚ ਲੁਕੋ ਲਿਆ**। ਪ੍ਰਭੂ ਦੇ ਡਰ ਦੇ ਮਾਰੇ ਹਮੇਸ਼ਾ ਲੋਕਾਂ ਨੇ ਆਪਣੇ ਆਪ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਹੈ। ਆਦਮ ਅਤੇ ਹਵਾ ਨਾ ਪਰਮੇਸ਼ੁਰ ਤੋਂ ਲੁਕਣ ਦੀ ਕੋਸ਼ਿਸ਼ ਕੀਤੀ (ਉਤਪਤ 3:8)। ਜਦੋਂ ਯੂਨਾਹ ਨਬੀ ਨੇ ਪ੍ਰਭੂ ਦੀ ਅਣਆਗਿਆਕਾਰੀ ਕੀਤੀ, ਤਾਂ ਉਸ ਨੇ ਆਪਣੇ ਆਪ ਨੂੰ ਪਰਮੇਸ਼ੁਰ ਦੀ ਹਜ਼ੂਰੀ ਤੋਂ ਲੁਕਾਉਣ ਦੀ ਕੋਸ਼ਿਸ਼ ਕੀਤੀ ਸੀ (ਯੂਨਾਹ 1:3)। ਜਿਵੇਂ ਕਿ ਹਰੇਕ ਦੇ ਇਹੀ ਪਾਇਆ, ਕਿ ਪਰਮੇਸ਼ੁਰ ਤੋਂ ਲੁੱਕ ਸਕਣਾ ਇੱਕ ਅਸੰਭਵ ਗੱਲ ਹੈ (ਜ਼ਬੂਰਾਂ ਦੀ ਪੋਥੀ 139:7-12)। ਫਿਰ ਵੀ, ਦੋਸ਼ੀਆਂ ਨੂੰ ਲੁਕਾਉਣ ਦੀ ਕੋਸ਼ਿਸ਼ ਜਾਰੀ ਰਹਿੰਦੀ ਹੈ।

**ਆਇਤ 16. ਅਤੇ ਓਹ ਪਹਾੜਾਂ ਅਤੇ ਚਟਾਨਾਂ ਨੂੰ ਕਹਿਣ ਲੱਗੇ ਭਈ ਸਾਡੇ ਉੱਤੇ ਡਿੱਗ ਪਓ! ਅਤੇ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਉਹ ਦੇ ਸਾਹਮਣਿਓਂ ਅਤੇ ਲੇਲੇ ਦੇ ਕ੍ਰੋਧ ਤੋਂ ਸਾਨੂੰ ਲੁਕਾ ਲਓ!** "ਜਿਸ ਚੀਜ਼ ਤੋਂ ਪਾਪੀ ਸਭ ਤੋਂ ਵੱਧ ਡਰਦੇ ਹਨ ਉਹ ਮੌਤ ਨਹੀਂ ਹੈ, ਸਗੋਂ ਉਹ ਪਰਮੇਸ਼ੁਰ ਦੀ ਹਜ਼ੂਰੀ ਦਾ ਪਰਗਟ ਹੋਣਾ ਹੈ।"[28] ਉਨ੍ਹਾਂ ਦੀ ਅਗਿਆਨਤਾ ਵਿਚ, ਜੋ ਲੋਕ ਲੁੱਕਦੇ ਹਨ ਉਹ ਇਸ ਗੱਲ ਨੂੰ ਨਹੀਂ ਸਮਝਦੇ ਕਿ ਮੌਤ ਉਨ੍ਹਾਂ ਨੂੰ ਹੋਰ ਵੀ ਜ਼ਿਆਦਾ ਜਲਦੀ ਨਾਲ ਪਰਮੇਸ਼ੁਰ ਦੀ ਹਜ਼ੂਰੀ ਵਿਚ ਧੱਕ ਦੇਵੇਗੀ (20:12)।

ਆਇਤ 16 ਵਿਚ ਇੱਕ ਵਾਕ ਟਿੱਪਣੀ ਦੇ ਲਈ ਚਿੱਲਾਉਂਦਾ ਹੈ: **ਜਿਹੜਾ ਸਿੰਘਾਸਣ . . . ਲੇਲੇ ਦੇ ਕ੍ਰੋਧ ਤੋਂ ਸਾਨੂੰ ਲੁਕਾ ਲਓ**। ਕੁਝ ਟਿੱਪਣੀਕਾਰ ਵਾਕ "ਲੇਲੇ ਦੇ ਕ੍ਰੋਧ ਤੋਂ" ਪਰੇਸ਼ਾਨ ਹਨ; ਉਹ ਇਸ ਗੱਲ ਵੱਲ ਧਿਆਨ ਦੇਣਾ ਚਾਹੁੰਦੇ ਹਨ, ਕਿ ਇਸ ਬੰਦ ਵਿਚ, ਵਿਸ਼ਵਾਸੀਆਂ ਨੇ ਨਹੀਂ, ਸਗੋਂ ਅਵਿਸ਼ਵਾਸੀਆਂ ਨੇ ਇਸ ਵਾਕ ਨੂੰ ਇਸਤੇਮਾਲ ਕੀਤਾ ਹੈ। ਪਰ, ਪਰਕਾਸ਼ ਦੀ ਪੋਥੀ ਇਸ ਵਾਕ "*ਪਰਮੇਸ਼ੁਰ* ਦੇ ਕ੍ਰੋਧ" ਨਾਲ ਭਰੀ ਹੋਈ ਹੈ (14:10, 19; 15:1, 7; 16:1; 19:15; ਵੇਖੋ 11:18; 16:19)। ਪਰਮੇਸ਼ੁਰ ਦਾ ਸਿੰਘਾਸਣ ਲੇਲੇ ਦਾ ਸਿੰਘਾਸਣ ਵੀ ਹੈ (22:3); ਜੋ ਇੱਕ ਕਰਦਾ ਹੈ, ਦੂਸਰਾ ਉਹ ਕਰਨ ਦੇ ਲਈ ਕਹਿੰਦਾ ਹੈ। ਪਰਕਾਸ਼ ਦੀ ਪੋਥੀ ਵਿਚ, ਯਿਸੂ ਨੂੰ ਅਕਸਰ ਦੁਸ਼ਟਾਂ ਨੂੰ ਸਜ਼ਾ ਦੇਣ ਵਾਲੇ ਦੇ ਰੂਪ ਵਿਚ ਵੇਖਿਆ ਜਾਂਦਾ ਹੈ (2:16, 22, 23; 17:14; 19:11-21)। ਵਾਕ "ਲੇਲੇ ਦੇ ਕ੍ਰੋਧ" ਦੇ ਨਾਲ ਤਰਕਸੰਗਤ ਹੈ।

ਹਾਲਾਂਕਿ, "ਲੇਲੇ ਦੇ ਕ੍ਰੋਧ" ਵਾਕ ਦੇ ਵਿਸ਼ੇ ਵਿਚ ਇੱਥੇ ਇੱਕ ਬਹੁਤ ਹੀ ਭਿਆਨਕ ਗੱਲ ਹੈ। ਕੌਣ ਇਸ ਗੱਲ ਦੀ ਕਲਪਨਾ ਕਰ ਸਕਦਾ ਹੈ ਕਿ ਇੱਕ ਪਿਆਰਾ, ਖੇਡਣ-ਕੁੱਦਣ ਵਾਲਾ ਲੇਲਾ ਜਾਣ-ਬੁੱਝ ਕੇ ਕਿਸੇ ਚੀਜ਼ ਦਾ ਜਾਂ ਕਿਸੇ ਵਿਅਕਤੀ ਦਾ ਨੁਕਸਾਨ ਕਰ ਸਕਦਾ ਹੈ। ਕੁਝ ਆਧੁਨਿਕ ਡਰਾਉਣੀਆਂ ਕਹਾਣੀਆਂ ਦੇ ਵਿਚ ਅਕਲਪਿਤ ਦੁਸ਼ਮਣ ਹੁੰਦੇ ਹਨ ਜਿਵੇਂ: ਇੱਕ ਗੁੱਡੀ, ਇੱਕ ਬੱਚਾ, ਜਾਂ ਹੋਰ ਵੀ ਇਸ ਪ੍ਰਕਾਰ ਦੀਆਂ ਚੀਜ਼ਾਂ। ਇਨ੍ਹਾਂ ਕਹਾਣੀਆਂ ਵਿਚ ਇਨ੍ਹਾਂ ਦੁਸ਼ਮਣਾਂ ਦਾ ਵਿਵਹਾਰਿਕ ਭੋਲਾਪਨ ਇਨ੍ਹਾਂ ਦੇ ਲੜਾਕੂਪਣ ਨੂੰ ਹੋਰ ਵੀ ਬਹੁਤ ਜ਼ਿਆਦਾ ਖਤਰਨਾਕ ਬਣਾ ਦਿੰਦਾ ਹੈ। ਇੱਕ ਲੇਲੇ ਦਾ ਸਾਡੇ ਉੱਤੇ ਹਮਲਾ ਕਰਨਾ ਇਸੇ ਪ੍ਰਕਾਰ ਕਲਪਨਾ ਤੋਂ ਬਾਹਰ ਦੀ ਗੱਲ ਹੋਵੇਗਾ ਜਿਵੇਂ ਇੱਕ ਪਾਲਤੂ ਜਾਨਵਰ ਜਿਸ ਨੂੰ ਅਸੀਂ ਬਹੁਤ ਪਿਆਰ ਕਰਦੇ ਹੋਈਏ ਜਾਂ ਇੱਕ ਪਿਆਰ ਕਰਨ ਵਾਲਾ ਬੱਚਾ ਸਾਡੇ ਵਿਰੁੱਧ ਚੜ੍ਹ ਆਵੇ। ਜੋ ਲੋਕ ਪਰਮੇਸ਼ੁਰ ਤੋਂ ਲੁੱਕ ਜਾਣਾ ਚਾਹੁੰਦੇ ਹਨ ਉਨ੍ਹਾਂ ਦੀ ਅਸੰਗਤੀ ਪਾਪ ਦੀ ਅੱਤ ਦੁਸ਼ਟਤਾ ਉੱਤੇ ਜ਼ੋਰ ਦਿੰਦੀ ਹੈ। ਪਾਪ ਕਿੰਨਾ ਭਿਆਨਕ ਹੈ ਜੋ ਇੱਕ ਲੇਲੇ ਦੇ ਕ੍ਰੋਧ ਨੂੰ ਵੀ ਭੜਕਾ ਦੇਵੇਗਾ!

**ਆਇਤ 17.** ਜਿਹੜੇ ਡਰ ਦੇ ਮਾਰੇ ਲੁਕੇ ਹੋਏ ਸਨ ਉਨ੍ਹਾਂ ਨੇ ਅੱਗੇ ਕਿਹਾ, **ਕਿਉਂ ਜੋ ਓਹਨਾਂ ਦੇ ਕ੍ਰੋਧ ਦਾ ਵੱਡਾ ਦਿਹਾੜਾ ਆ ਪਹੁੰਚਿਆ ਹੈ! ਹੁਣ ਕੌਣ ਖਲੋ ਸੱਕਦਾ ਹੈ?** ਕਾਇਨਾਤ ਦਾ ਖਤਮ ਕਰ ਦਿੱਤਾ ਜਾਣਾ ਅਤੇ ਅਤੇ ਅਵਿਸ਼ਵਾਸੀਆਂ ਦੀ ਨਿਰਾਸ਼ਾ ਸ਼ਹੀਦਾਂ ਦੀ ਦੁਹਾਈ "ਹੇ ਸੁਆਮੀ ਜੀ, . . . ਕਦੋਂ ਤੋੜੀ . . . ?" (6:10) ਦੇ ਪ੍ਰਤਿ ਪਰਮੇਸ਼ੁਰ ਦੇ ਪ੍ਰਤਿਉੱਤਰ ਨੂੰ ਪਰਗਟ ਕਰਦਾ ਹੈ। ਪ੍ਰਭੂ ਉਨ੍ਹਾਂ ਦੇ ਅੱਤਿਆਚਾਰੀਆਂ ਨੂੰ ਤੋਬਾ ਕਰਨ ਦੇ ਲਈ, ਅਤੇ ਆਪਣੇ ਰਾਹਾਂ ਤੋਂ ਮੁੜਣ ਦੇ ਲਈ ਕਾਫੀ ਸਮਾਂ ਦੇਵੇਗਾ। ਪਰ, ਅੰਤ ਵਿਚ, ਉਹ ਨਿਆਂ ਕਰੇਗਾ; ਅੰਤ ਵਿਚ, ਉਹ ਬਦਲਾ ਲਵੇਗਾ। ਅੰਤ ਦੇ ਵਿਚ, ਪਰਮੇਸ਼ੁਰ "ਇੱਕ ਭਸਮ ਕਰਨ ਵਾਲੀ ਅੱਗ" ਹੋਵੇਗਾ" (ਇਬਰਾਨੀਆਂ 12:29)।

ਕਈ ਲੋਕ ਇਹ ਜਾਣਨ ਤੇ ਜ਼ੋਰ ਦਿੰਦੇ ਹਨ "ਕੀ **ਕ੍ਰੋਧ ਦਾ ਵੱਡਾ ਦਿਹਾੜਾ** . . . ਪਰਮੇਸ਼ੁਰ ਦੇ ਦੁਆਰਾ ਰੋਮੀ ਸਾਮਰਾਜ ਦੇ ਨਾਸ ਦੀ ਗੱਲ ਕਰ ਰਿਹਾ ਹੈ, ਜਾਂ ਇਹ ਯੁੱਗ ਦੇ ਅੰਤ ਦੇ ਸਮੇਂ ਕਾਇਨਾਤ ਦੇ ਨਾਸ ਦੀ ਗੱਲ ਕਰ ਰਿਹਾ ਹੈ?" ਇਸ ਪ੍ਰਸ਼ਨ ਦੇ ਸੰਬੰਧ ਵਿਚ ਟਿੱਪਣੀਕਾਰ ਕਾਫੀ ਹੱਦ ਤਕ ਸਮਾਨ ਰੂਪ ਵਿਚ ਵੰਡੇ ਹੋਏ ਹਨ।

6:12-17 ਦਾ ਬਿਆਨ ਰੋਮੀ ਸਾਮਰਾਜ ਉੱਤੇ ਪਰਮੇਸ਼ੁਰ ਦੇ ਨਾਸ ਦਾ ਹਵਾਲਾ ਹੋ *ਸਕਦਾ* ਹੈ। ਪਹਿਲਾਂ ਦਿੱਤੇ ਗਏ ਹਵਾਲਿਆਂ ਵਿਚ – ਜਦੋਂ ਪੁਰਾਣੇ ਨੇਮ ਦੇ ਨਬੀਆਂ ਨੇ ਭੁਚਾਲਾਂ, ਸੂਰਜ ਦੇ

ਹਨੇਰੇ ਹੋਣ, ਚੰਦ ਦੇ ਲਹੂ ਵਿਚ ਬਦਲ ਜਾਣ, ਅਤੇ ਤਾਰਿਆਂ ਦੇ ਡਿੱਗਣ ਦੇ ਵਿਸ਼ੇ ਵਿਚ ਬੋਲਿਆ ਤਾਂ – ਲੇਖਕਾਂ ਨੇ ਆਮ ਤੌਰ ਤੇ ਉਨ੍ਹਾਂ ਰਾਸ਼ਟਰਾਂ ਦੀ ਅਸਥਾਈ ਸਜ਼ਾ ਦੀ ਭਵਿੱਖਬਾਣੀ ਕੀਤੀ ਸੀ ਜਿਨ੍ਹਾਂ ਨੇ ਪਰਮੇਸ਼ੁਰ ਦਾ ਵਿਰੋਧ ਕੀਤਾ ਸੀ: ਬਾਬਲ, ਅੱਸ਼ੂਰ, ਅਤੇ ਹੋਰ ਰਾਸ਼ਟਰ। ਯੂਹੰਨਾ ਦੇ ਪਾਠਕਾਂ ਨੂੰ ਇਹ ਯਾਦ ਦਿਵਾਇਆ ਗਿਆ ਸੀ ਕਿ ਪੁਰਾਣੇ ਸਮੇਂ ਵਿਚ ਪਰਮੇਸ਼ੁਰ ਨੇ ਅਜਿਹੇ ਰਾਸ਼ਟਰਾਂ ਨੂੰ ਨਾਸ ਕਰ ਦਿੱਤਾ ਸੀ ਜੋ ਇੰਝ ਪ੍ਰਤੀਕ ਹੁੰਦੇ ਸਨ ਕਿ ਉਨ੍ਹਾਂ ਨੂੰ ਜਿੱਤਿਆ ਹੀ ਨਹੀਂ ਜਾ ਸਕਦਾ। ਉਸੇ ਤਰ੍ਹਾਂ ਪਰਮੇਸ਼ੁਰ ਵੀ ਰੋਮ ਦੀ ਸਮੱਸਿਆ ਨੂੰ ਹੱਲ ਨਹੀਂ ਕਰੇਗਾ।

ਰੋਮੀ ਸਾਮਰਾਜ ਦੀ ਹਾਰ ਸ਼ਹੀਦਾਂ ਦੀ ਪੁਕਾਰ ਦਾ ਸਿੱਧਾ, ਵਿਅਕਤੀਗਤ, ਅਤੇ ਖਾਸ ਜਵਾਬ ਹੋਵੇਗਾ: "ਕਦੋਂ ਤੋੜੀ . . . ਨਿਆਉਂ ਨਹੀਂ ਕਰਦਾ ਅਤੇ ਧਰਤੀ ਦੇ ਵਾਸੀਆਂ ਕੋਲੋਂ ਸਾਡੇ ਲਹੂ ਦਾ ਵੱਟਾ ਨਹੀਂ ਲੈਂਦਾ ਹੈ?" ਕਿਉਂਕਿ ਰੋਮੀ ਸਾਮਰਾਜ ਨੇ ਮਸੀਹੀਆਂ ਦਾ ਲਹੂ ਵਹਾਇਆ ਸੀ, ਇਸ ਲਈ ਈਸ਼ੁਰੀ ਨਿਆਂ ਦੀ ਮੰਗ ਸੀ ਕਿ ਰੋਮੀਆਂ ਨੂੰ ਸਜ਼ਾ ਦਿੱਤੀ ਜਾਵੇ। ਇਸ ਦੇ ਸੰਬੰਧ ਵਿਚ, ਅਧਿਆਇ 17 ਤੋਂ 19 ਨੂੰ ਪੜ੍ਹੋ। ਮਹਾਨ ਬਾਬਲ ਦੇ, ਜੋ ਕਿ ਰੋਮ ਹੈ, ਨਾਸ ਕੀਤੇ ਜਾਣ ਦੇ ਚਿੱਤਰਣ ਤੋਂ ਬਾਅਦ (ਵੇਖੋ 17:9, 18 ਦੇ ਵਿਸ਼ੇ ਉੱਤੇ ਟਿੱਪਣੀਆਂ), 19:1, 2 ਵਿਚ ਸਵਰਗ ਵਿਚ ਇੱਕ ਮਹਾਨ ਭੀੜ ਇਨ੍ਹਾਂ ਸ਼ਬਦਾਂ ਦੇ ਨਾਲ ਪਰਮੇਸ਼ੁਰ ਦੀ ਮਹਿਮਾ ਗਾਈ: "ਹਲਲੂਯਾਹ! ਮੁਕਤੀ, ਮਹਿਮਾ ਅਤੇ ਸਮੱਰਥਾ ਸਾਡੇ ਪਰਮੇਸ਼ੁਰ ਦੀ ਹੈ . . . ਇਸ ਲਈ ਜੋ ਉਸ ਵੱਡੀ ਕੰਜਰੀ ਦਾ . . . *ਨਿਆਉਂ ਕੀਤਾ ਅਤੇ ਆਪਣੇ ਦਾਸਾਂ ਦੇ ਲਹੂ ਦਾ ਬਦਲਾ ਉਹ ਦੇ ਹੱਥੋਂ ਲਿਆ*" (ਜ਼ੋਰ ਦਿੱਤਾ ਗਿਆ ਹੈ)। ਬਹੁਤ ਸਾਰੇ ਇਹ ਵਿਸ਼ਵਾਸ ਕਰਦੇ ਹਨ ਕਿ ਇਹ ਆਇਤਾਂ ਸਿੱਧੇ ਤੌਰ ਤੇ 6:10 ਦੀ ਬੇਨਤੀ ਦੇ ਨਾਲ ਸੰਬੰਧਤ ਹੈ, ਅਤੇ ਹੋ ਸਕਦਾ ਹੈ ਕਿ ਉਹ ਸਹੀ ਹੋਣ।

ਉਨ੍ਹਾਂ ਲੋਕਾਂ ਦੇ ਦੁਆਰਾ ਹੋਰ ਤਰਕ ਇਸਤੇਮਾਲ ਕੀਤੇ ਜਾਂਦੇ ਹਨ ਜੋ ਇਹ ਵਿਸ਼ਵਾਸ ਕਰਦੇ ਹਨ ਕਿ ਸਾਡੀ ਲਿਖਤ ਖਾਸ ਤੌਰ ਨਾਲ ਅਤੇ ਸਿਰਫ ਰੋਮੀ ਸਾਮਰਾਜ ਦੇ ਨਾਸ ਹੋਣ ਜਾਣ ਦੇ ਬਾਰੇ ਹੀ ਦੱਸਦੀ ਹੈ। ਉਦਾਹਰਣ ਦੇ ਤੌਰ ਤੇ, ਇੱਕ ਤਰਕ ਇਹ ਹੈ "ਇਹ ਯੁੱਗ ਦੇ ਅੰਤ ਵਿਚ ਕਾਇਨਾਤ ਦੇ ਨਾਸ ਕੀਤੇ ਜਾਣ ਦਾ ਹਵਾਲਾ ਨਹੀਂ ਦੇ ਸਕਦਾ ਹੈ, ਕਿਉਂਕਿ ਉਹ 'ਅੱਖ ਦੀ ਝਮਕ' (1 ਕੁਰਿੰਥੀਆਂ 15:52)" ਦੇ ਨਾਲ ਹੋ ਜਾਵੇਗਾ। ਪਰ, ਕਿਉਂਕਿ ਇਹ ਲਿਖਤ ਪ੍ਰਤੀਕਾਤਮਕ ਹੈ ਅਤੇ ਇੱਕ ਪ੍ਰਤੀਕ ਵਿਚ ਕੁਝ ਵੀ ਹੋ ਸਕਦਾ ਹੈ, ਇਹ ਤਰਕ ਜ਼ਿਆਦਾ ਵਜ਼ਨਦਾਰ ਨਹੀਂ ਜਾਪਦਾ ਹੈ। ਇੱਕ ਹੋਰ ਤਰਕ ਹੈ ਕਿ "ਭਾਸ਼ਾ ਪ੍ਰਤੀਕਾਤਮਕ ਹੈ, ਸ਼ਾਬਦਿਕ ਨਹੀਂ ਹੈ, ਅਤੇ ਇਸ ਲਈ ਕਾਇਨਾਤ ਦੀ ਤਬਾਹੀ ਦਾ ਹਵਾਲਾ ਨਹੀਂ ਦੇ ਸਕਦੀ ਹੈ।" ਇਹ ਤਰਕ ਇੱਕ ਦੋਧਾਰੀ ਤਲਵਾਰ ਹੈ ਜੋ ਦੋਵੇਂ ਪਾਸਿਓਂ ਕੱਟਦਾ ਹੈ। ਇਹ ਬੰਦ ਅਸਥਾਈ ਸਜ਼ਾ ਦਾ *ਜਾਂ* ਅੰਤਿਮ ਸਜ਼ਾ ਦੋਵੇਂ ਵਿਚੋਂ ਕਿਸੇ ਦਾ ਵੀ ਪ੍ਰਤੀਕ ਹੋ ਸਕਦਾ ਹੈ; ਇਹ ਤੱਥ ਕਿ ਹਵਾਲਾ ਪ੍ਰਤੀਕਾਤਮਕ ਹੈ ਕਿਸੇ ਵੀ ਸੰਭਾਵਨਾ ਨੂੰ ਖਤਮ ਨਹੀਂ ਕਰਦਾ ਹੈ।

ਦੂਜੇ ਪਾਸੇ, ਇੱਕ ਸਥਿਤੀ ਬਣ ਸਕਦੀ ਹੈ ਕਿ 6:12-17 *ਅੰਤਿਮ* ਦਿਨ "ਓਹਨਾਂ ਦੇ ਕ੍ਰੋਧ ਦਾ ਵੱਡਾ ਦਿਹਾੜਾ . . ." ਦਾ ਹਵਾਲਾ ਦਿੰਦਾ ਹੋ ਸਕਦਾ ਹੈ। ਜੋ ਲੋਕ ਇਸ ਸਥਿਤੀ ਨੂੰ ਲੈਂਦੇ ਹਨ ਉਹ ਹੇਠ ਲਿਖੇ ਸਬੂਤ ਲੈਂਦੇ ਹਨ: (1) ਪੁਰਾਣੇ ਨੇਮ ਦਾ ਕੋਈ ਵੀ ਬੰਦ ਨਾਸ ਦੇ *ਸਾਰੇ* ਚਿੱਤਰਾਂ ਨੂੰ ਇਸ ਪ੍ਰਕਾਰ ਨਾਲ ਨਹੀਂ ਜੋੜਦਾ ਜਿਵੇਂ ਇਸ ਲਿਖਤ ਵਿਚ ਜੋੜਿਆ ਗਿਆ ਹੈ। (2) ਕਪਲਨਾ ਦੇ ਕੁਝ ਪਹਿਲੂਆਂ ਨੇ ਉਨ੍ਹਾਂ ਘਟਨਾਵਾਂ ਦੀ ਯਾਦ ਦਿਵਾ ਦਿੱਤੀ ਹੈ ਜੋ ਦੁਨੀਆਂ ਦੇ ਅੰਤ ਵਿਚ ਹੋਣਗੀਆਂ। ਇਨ੍ਹਾਂ ਵਿਚੋਂ ਸਾਰੇ ਮਾਨਵਤਾ ਦਾ ਇਕੱਠ ਹਨ (2 ਕੁਰਿੰਥੀਆਂ 5:10) ਅਤੇ

ਪਿਤਾ ਅਤੇ ਪੁੱਤਰ ਦਾ ਵਿਸ਼ਵਵਿਆਪੀ ਰੂਪ ਵਿਚ ਸਵੀਕਾਰ ਕੀਤਾ ਜਾਣਾ ਹੈ (ਫ਼ਿਲਿੱਪੀਆਂ 2:11)। (3) ਲੇਲੇ ਦਾ ਉਲੇਖ ਦ੍ਰਿਸ਼ ਨੂੰ ਵਿਲੱਖਣ ਬਣਾ ਦਿੰਦਾ ਹੈ। ਪੁਰਾਣੇ ਨੇਮ ਦੇ ਬੰਦਾਂ ਵਿਚ ਮਸੀਹ ਸ਼ਾਮਲ ਨਹੀਂ ਸੀ।

*ਜਾਣ-ਪਛਾਣ* ਵਿਚ ਪਰਕਾਸ਼ ਦੀ ਪੋਥੀ ਦੀ ਛੋਟੀ ਰੂਪ ਰੇਖਾ ਉੱਤੇ ਵੀ ਵਿਚਾਰ ਕਰੋ। ਇਸ ਰੂਪ –ਰੇਖਾ ਦੇ ਅਨੁਸਾਰ, ਪਰਕਾਸ਼ ਦੀ ਪੋਥੀ ਵਿਚ ਸੱਤ ਭਾਗ ਹਨ, ਹਰੇਕ ਭਾਗ ਵਿਚ ਈਸਾਈ ਸੰਸਥਾ ਦਾ "ਮਸੀਹ ਦੀ ਪਹਿਲੀ ਅਤੇ ਦੂਸਰੀ ਆਮਦ ਤੱਕ" ਵਿਸਥਾਰ ਹੁੰਦਾ ਹੈ।[29] 6:12–17 ਵਿਚਲਾ ਦ੍ਰਿਸ਼ ਨਿਸ਼ਚਤ ਤੌਰ ਦੇ ਨਾਲ 1:7 ਵਿਚ ਦਿੱਤੇ ਗਏ ਦੂਸਰੀ ਆਮਦ ਦੇ ਵਰਣਨ ਦੇ ਨਾਲ ਫਿੱਟ ਹੁੰਦਾ ਹੈ: "ਵੇਖੋ, ਉਹ ਬੱਦਲਾਂ ਦੇ ਨਾਲ ਆਉਂਦਾ ਹੈ, ਅਤੇ ਹਰੇਕ ਅੱਖ ਉਸ ਨੂੰ ਵੇਖੇਗੀ . . . *ਅਤੇ ਧਰਤੀ ਦੀਆਂ ਸਾਰੀਆਂ ਕੌਮਾਂ ਉਸ ਦੇ ਲਈ ਪਿੱਟਣਗੀਆਂ* . . ." (ਜ਼ੋਰ ਦਿੱਤਾ ਗਿਆ ਹੈ; 1:7 ਦੇ ਵਿਸ਼ੇ ਉੱਤੇ ਟਿੱਪਣੀਆਂ ਵੇਖੋ)। ਸੱਤਾਂ ਭਾਗਾਂ ਦੀ ਰੂਪ-ਰੇਖਾ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਪਰਕਾਸ਼ ਦੀ ਪੋਥੀ 6:12-17 ਕ੍ਰੋਧ ਦੇ ਆਖਰੀ ਦਿਨ ਦਾ ਉਲੇਖ ਹੈ।

ਫਿਰ ਵੀ, ਇਹ ਪ੍ਰਸ਼ਨ ਕਿ ਬੰਦ ਅਸਥਾਈ ਜਾਂ ਸਦੀਵੀ ਸਜ਼ਾ ਦੇ ਵਿਸ਼ੇ ਵਿਚ ਬੋਲਦਾ ਹੈ ਤੁਲਨਾਮਿਕ ਤੌਰ ਤੇ ਮਹੱਤਵਹੀਣ ਹੈ। ਜੇਕਰ ਬੰਦ ਮੁੱਖ ਰੂਪ ਵਿਚ ਰੋਮੀ ਸਾਮਰਾਜ ਦੀ ਤਬਾਹੀ ਦਾ ਜ਼ਿਕਰ ਕਰਦਾ ਹੈ, ਤਾਂ ਇਹ ਅੰਤਿਮ ਮਹਾਨ ਦਿਨ ਦਾ ਪੂਰਵ ਦਰਸ਼ਨ ਹੈ ਅਤੇ ਇਹ *ਕਿਸੇ* ਇਨਸਾਨ ਦੇ ਲਈ ਇੱਕ ਚੇਤਾਵਨੀ ਹੈ ਜੋ ਪਰਮੇਸ਼ੁਰ ਦੇ ਵਿਰੁੱਧ ਖੜਾ ਹੋਣ ਦੀ ਕੋਸ਼ਿਸ਼ ਕਰਦਾ ਹੈ – ਰੋਮੀ ਸਾਮਰਾਜ ਸਮੇਤ – ਆਖਿਰਕਾਰ ਉਹ ਉਸ ਦੇ ਕ੍ਰੋਧ ਦਾ ਸੁਆਦ ਚੱਖੇਗਾ। ਬੰਦ ਦਾ ਜ਼ੋਰ ਇਸ ਗੱਲ ਦੇ ਉੱਤੇ ਹੈ ਕਿ ਕ੍ਰੋਧ ਦਾ ਇੱਕ ਮਹਾਨ ਦਿਨ ਆ ਰਿਹਾ *ਹੈ*। ਬਾਬੁਲ ਦੇ ਲੋਕਾਂ ਦੇ ਲਈ ਕ੍ਰੋਧ ਦਾ ਇੱਕ ਦਿਨ ਸੀ, ਅੱਸ਼ੂਰੀਆਂ ਦੇ ਲਈ ਕ੍ਰੋਧ ਦਾ ਇੱਕ ਦਿਨ ਸੀ, ਰੋਮੀਆਂ ਦੇ ਲਈ ਕ੍ਰੋਧ ਦਾ ਇੱਕ ਦਿਨ ਸੀ, ਅਤੇ ਅੱਜ ਜੋ ਲੋਕ ਪਰਮੇਸ਼ੁਰ ਦੇ ਪ੍ਰੇਮ ਦੇ ਵੱਲ ਧਿਆਨ ਨਹੀਂ ਦਿੰਦੇ ਹਨ ਉਨ੍ਹਾਂ ਦੇ ਲਈ ਵੀ ਕ੍ਰੋਧ ਦਾ ਇੱਕ ਦਿਨ ਹੋਵੇਗਾ (ਰੋਮੀਆਂ 2:5; ਅਫ਼ਸੀਆਂ 5:6)।

ਜੇਕਰ ਜੀਵਨ ਕੋਈ ਅਰਥ ਹੈ ਤਾਂ ਮਨੁੱਖ ਜ਼ਰੂਰ ਇੱਕ ਸ਼ਾਨਦਾਰ ਸਮਾਪਤੀ ਨੂੰ ਵੇਖੇਗਾ। ਮਨੁੱਖੀ ਇਤਿਹਾਸ ਇੱਕ ਅੰਤਹੀਣ ਚੱਕਰ ਨਹੀਂ ਹੈ, ਜੋ ਬਿਨਾਂ ਅਰਥ ਦੇ ਆਪਣੇ ਆਪ ਨੂੰ ਦੁਹਰਾਉਂਦਾ ਹੈ। ਇਸ ਦੀ ਬਜਾਇ, ਇਤਿਹਾਸ "ਇੱਕ ਨਿਸ਼ਚਤ ਉਦੇਸ਼ ਦੀ ਇੱਕ ਯਾਤਰਾ ਹੈ।"[30] ਹਰ ਇੱਕ ਦਿਨ ਜੋ ਬੀਤ ਜਾਂਦਾ ਹੈ ਉਹ ਸਾਨੂੰ ਇਸ ਸੰਸਾਰ ਦੇ ਅੰਤ ਦੇ – ਅਨੰਤਤਾ ਵੱਲ, ਸਵਰਗ ਅਤੇ ਨਰਕ ਦੇ ਵੱਲ ਨਜ਼ਦੀਕ ਲੈ ਜਾਂਦਾ ਹੈ। ਬੰਦ ਜਿਵੇਂ ਪਰਕਾਸ਼ ਦੀ ਪੋਥੀ 6:12-17 ਇਸ ਗੱਲ ਦੀ ਘੋਸ਼ਣਾ ਕਰਦਾ ਹੈ ਕਿ ਦੁਸ਼ਟਾਂ ਦੀ ਜਿੱਤ ਥੋੜ੍ਹੀ ਦੇਰ ਦੇ ਲਈ ਹੈ (ਵੇਖੋ ਜ਼ਬੂਰਾਂ ਦੀ ਪੋਥੀ 94:1-7, 21-23) ਅਤੇ ਇਹ ਕਿ ਨਿਆਂ ਨਿਸ਼ਚਤ ਹੈ (ਇਬਰਾਨੀਆਂ 9:27)। ਹੋ ਸਕਦਾ ਹੈ ਕਿ ਪਰਮੇਸ਼ੁਰ ਥੋੜ੍ਹੇ ਸਮੇਂ ਦੇ ਲਈ ਆਪਣੇ ਮਕਸਦਾਂ ਦੇ ਲਈ ਆਪਣੇ ਕ੍ਰੋਧ ਨੂੰ ਰੋਕ ਛੱਡੇ, ਪਰ ਕ੍ਰੋਧ ਦਾ ਦਿਨ ਆ ਰਿਹਾ ਹੈ – ਅਤੇ ਹਰ ਇੱਕ ਮਨੁੱਖ ਨੂੰ ਉਸ ਦੇ ਲਈ ਤਿਆਰ ਹੋਣ ਦੀ ਲੋੜ ਹੈ!

ਆਇਤ 17 ਵਿਚਲੇ "ਕ੍ਰੋਧ ਦਾ ਵੱਡਾ ਦਿਹਾੜਾ . . . ਹੈ" ਦੀ ਪਹਿਚਾਣ ਦੇ ਵਿਸ਼ੇ ਵਿਚ ਪ੍ਰਸ਼ਨ ਦਿਲਚਸਪ ਹੈ, ਪਰ ਮਹੱਤਵਪੂਰਣ ਸਵਾਲ ਇਹ ਹੈ ਕਿ: **ਕੌਣ ਖੜਾ ਰਹਿ ਸੱਕਦਾ ਹੈ?** ਪ੍ਰਸ਼ਨ "ਕੌਣ ਖੜਾ ਰਹਿ ਸਕਦਾ ਹੈ?" ਪਹਿਲਾਂ ਤੋਂ ਪੁੱਛਿਆ ਗਿਆ ਸੀ। ਨਹੂਮ ਨੇ ਲਿਖਿਆ ਹੈ, "ਉਹ ਦੇ ਗਜ਼ਬ ਦੇ ਸਾਹਮਣੇ ਕੌਣ ਖਲੋ ਸੱਕਦਾ ਹੈ? ਉਹ ਦੇ ਕ੍ਰੋਧ ਦੀ ਤੇਜ਼ੀ ਨੂੰ ਕੌਣ ਝੱਲ ਸੱਕਦਾ ਹੈ?

ਉਹ ਦਾ ਗੁੱਸਾ ਅੱਗ ਦੇ ਵਾਂਙੁ ਵਹਾਇਆ ਜਾਂਦਾ ਹੈ, ਅਤੇ ਚਟਾਨਾਂ ਉਸ ਤੋਂ ਚੀਰੀਆਂ ਜਾਂਦੀਆਂ ਹਨ" (ਨਹੂਮ 1:6)। ਮਲਾਕੀ ਨੇ ਵੀ ਪੁੱਛਿਆ, "ਪਰ ਉਸ ਦੇ ਆਉਣ ਦੇ ਦਿਨ ਨੂੰ ਕੌਣ ਸਹਾਰ ਸੱਕਦਾ ਹੈ ਅਤੇ ਕੌਣ ਖੜਾ ਰਹੇਗਾ ਜਦ ਉਹ ਪਰਗਟ ਹੋਵੇਗਾ? ਕਿਉਂ ਜੋ ਉਹ ਸੁਨਿਆਰੇ ਦੀ ਅੱਗ . . ." (ਮਲਾਕੀ 3:2) ਵਾਂਙੁ ਹੈ। ਅਜ਼ਰਾ ਨੇ ਉਸ ਸਮੇਂ ਇਸ ਪ੍ਰਸ਼ਨ ਦਾ ਉੱਤਰ ਦਿੱਤਾ ਜਦੋਂ ਉਸ ਨੇ ਪ੍ਰਾਰਥਨਾ ਕੀਤੀ, "ਹੇ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ . . . ਵੇਖ, ਅਸੀਂ ਆਪਣੇ ਦੋਸ਼ਾਂ ਵਿੱਚ ਤੇਰੇ ਸਨਮੁਖ ਹਾਂ ਕਿਉਂਕਿ ਕੌਣ ਹੈ ਜੋ ਇਨ੍ਹਾਂ ਦੇ ਕਾਰਨ ਤੇਰੇ ਹਜ਼ੂਰ ਖੜਾ ਰਹਿ ਸੱਕੇ" (ਅਜ਼ਰਾ 9:15)। *ਕੋਈ ਵੀ* ਪ੍ਰਭੂ ਦੇ ਸਾਹਮਣੇ ਖੜਾ ਨਹੀਂ ਰਹਿ ਸਕਦਾ – ਅਰਥਾਤ, *ਕੋਈ ਵੀ ਜੋ ਤਿਆਰ ਨਹੀਂ ਹੈ*। ਐਡਵਰਡ ਮਾਇਅਰਸ ਨੇ ਟਿੱਪਣੀ ਕੀਤੀ, "'ਅਤੇ ਕੌਣ ਖੜਾ ਹੋ ਸਕਦਾ ਹੈ?' ਉਨ੍ਹਾਂ ਲੋਕਾਂ ਦੀ ਨਿਰਾਸ਼ਾ ਭਰੀ ਦਸ਼ਾ ਨੂੰ ਬਿਆਨ ਕਰਦਾ ਹੈ ਜਿਨ੍ਹਾਂ ਨੇ ਪਰਮੇਸ਼ੁਰ ਦੀ ਅਨੋਖੀ ਦਯਾ ਨਾਲ ਭਰਪੂਰ ਇੰਜੀਲ ਨੂੰ ਰੱਦ ਦਿੱਤਾ ਹੈ। ਇਹ ਇੱਕ ਘਾਤਕ ਪ੍ਰਸ਼ਨ ਚਿੰਨ੍ਹ ਹੈ ਜੋ ਬੁਨਿਆਦੀ ਅਰਥ ਦੇ ਹਰ ਅਧਰਮੀ ਜੀਵਨ ਨੂੰ ਲੁੱਟਦਾ ਹੈ।"[31]

ਅਸੀਂ ਆਇਤਾਂ 9 ਤੋਂ 11 ਵਿਚ ਵਰਣਨ ਕੀਤੇ ਗਏ ਲੋਕਾਂ ਅਤੇ 15 ਤੋਂ 17 ਵਿਚ ਵਰਣਨ ਕੀਤੇ ਗਏ ਲੋਕਾਂ ਦੇ ਵਿਚਕਾਰ ਬਹੁਤ ਸਾਰੀਆਂ ਤੁਲਨਾਵਾਂ ਨੂੰ ਵੇਖਦੇ ਹਾਂ। ਇੱਕ ਤੁਲਨਾ ਇਹ ਹੈ ਕਿ, ਅਸਲ ਵਿਚ, ਸ਼ਹੀਦਾਂ ਨੇ ਪੁਕਾਰ ਕੇ ਕਿਹਾ, "ਸਾਡਾ ਬਦਲਾ ਲੈ!" ਜਦਕਿ ਉਹ ਲੋਕ ਜੋ ਤਿਆਰ ਨਹੀਂ ਸਨ ਉਨ੍ਹਾਂ ਨੇ ਪੁਕਾਰ ਕੇ ਕਿਹਾ, "ਸਾਨੂੰ ਲੁਕਾ ਲਓ!" ਦੂਸਰੀ ਤੁਲਨਾ ਇਹ ਹੈ ਕਿ ਦੁੱਖ ਨੇ ਲੋਕਾਂ ਨੂੰ ਪਰਮੇਸ਼ੁਰ ਤੋਂ ਦੂਰ ਨਹੀਂ ਕੀਤਾ, ਪਰ ਪਾਪ ਨੇ ਕੀਤਾ। ਸਭ ਤੋਂ ਹੈਰਾਨੀਜਨਕ ਤੁਲਨਾ ਸ਼ਾਇਦ ਉਹ ਪ੍ਰਸ਼ਨ ਹੈ ਜੋ ਹਰੇਕ ਸਮੂਹ ਪੁੱਛਦਾ ਹੈ: ਸ਼ਹੀਦ ਇਹ ਜਾਣਨਾ ਚਾਹੁੰਦੇ ਸਨ ਕਿ "ਕਦੋਂ ਤੋੜੀ?" ਜਦਕਿ ਡਰੇ ਹੋਏ ਲੋਕਾਂ ਨੇ ਇਹ ਪੁਕਾਰਿਆ, "ਹੁਣ ਕੌਣ ਖੜਾ ਰਹਿ ਸੱਕਣ ਦੇ ਯੋਗ ਹੈ?"

"ਕੌਣ ਖਲੋ ਸੱਕਦਾ ਹੈ?" ਇਸ ਪ੍ਰਸ਼ਨ ਦਾ ਉੱਤਰ ਹੈ "ਉਹ ਜੋ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਦੇ ਹਨ।" ਅਗਲਾ ਅਧਿਆਇ ਪਰਮੇਸ਼ੁਰ ਦੇ ਰਾਹੀਂ ਧਰਮੀਆਂ ਦੀ ਦੇਖਭਾਲ ਅਤੇ ਉਨ੍ਹਾਂ ਨੂੰ ਇਨਾਮ ਦਿੱਤੇ ਜਾਣ ਦੀ ਗੱਲ ਕਰਦਾ ਹੈ। 7:9 ਵਿਚ, ਅਸੀਂ ਪੜਾਂਗੇ "ਇੱਕ ਵੱਡੀ ਭੀੜ . . . ਸਿੰਘਾਸਣ ਦੇ ਅਤੇ ਲੇਲੇ ਦੇ ਸਾਹਮਣੇ *ਖੜੀ ਹੈ*" (ਜ਼ੋਰ ਦਿੱਤਾ ਗਿਆ ਹੈ)। ਉਸ ਸਮੇਂ ਸ਼ਹੀਦਾਂ ਨੇ ਪੁਕਾਰ ਕੇ ਕਿਹਾ, "ਕਦੋਂ ਤੋੜੀ?" ਸਤਾਉਣ ਵਾਲੇ ਲੋਕ ਖੜ੍ਹੇ ਸਨ, ਜਦਕਿ ਸਤਾਇਆਂ ਹੋਇਆਂ ਦੀਆਂ ਲੋਥਾਂ ਗਲੀਆਂ ਦੇ ਵਿਚ ਪਈਆਂ ਹੋਈਆਂ ਸਨ। ਪਰ, ਅੰਤ ਵਿਚ, ਉਹ ਪਰਮੇਸ਼ੁਰ ਦੇ ਲੋਕ ਹੋਣਗੇ ਜੋ ਖੜੇ ਹੋਣਗੇ —ਜਦਕਿ ਦੁਸ਼ਟ ਪਰਮੇਸ਼ੁਰ ਦੇ ਕ੍ਰੋਧ ਦੇ ਰਾਹੀਂ ਕੱਟੇ ਜਾ ਰਹੇ ਸਨ।

# ਪ੍ਰਾਸੰਗਿਕਤਾ

### ਪਹਿਲੀਆਂ ਛੇਆਂ ਮੋਹਰਾਂ ਤੋਂ ਉਪਦੇਸ਼ (ਅਧਿਆਇ 6)

ਜੇਕਰ ਤੁਸੀਂ ਅਧਿਆਇ 6 ਨੂੰ ਇੱਕੋ ਸਬਕ ਵਿਚ ਕਵਰ ਕਰਨਾ ਚਾਹੁੰਦੇ ਹੋ, ਤਾਂ ਮੈਰਿਲਸੀ ਟੈਨੀ ਦੇ ਕੋਲ ਇਹ ਰੂਪ ਰੇਖਾ ਹੈ: (1) ਇਤਿਹਾਸ ਦੇ ਮਹਾਨ ਕਸ਼ਟ (ਪਹਿਲੀ ਤੋਂ ਚੌਥੀ ਮੋਹਰ ਤਕ), (2) ਪਵਿੱਤਰ ਲੋਕਾਂ ਦਾ ਦੁੱਖ (ਪੰਜਵੀਂ ਮੋਹਰ), (3) ਅਕਾਸ਼ਾਂ ਦਾ ਹਿਲਾਇਆ ਜਾਣਾ (ਛੇਵੀਂ ਮੋਹਰ)।[32]

ਅਧਿਆਇ 6 ਵਿਚ ਇੱਕ ਦਿਲਚਸਪ ਦ੍ਰਿਸ਼ਟੀਕੋਣ ਇਹ ਹੋਵੇਗਾ "ਕਸ਼ਟ ਦੇ ਉੱਤੇ

ਪਰਮੇਸ਼ੁਰ ਦਾ ਸੱਤ-ਬਿੰਦੂਆਂ ਦਾ ਸੰਦੇਸ਼।" ਸੰਭਵ ਮੁੱਖ ਬਿੰਦੂ ਹਨ (1) ਕਸ਼ਟ — ਤੁਸੀਂ ਇਸ ਤੋਂ ਬਚ ਨਹੀਂ ਸਕਦੇ! (ਪਹਿਲੀ ਮੋਹਰ), (2) ਕਸ਼ਟ ਤੁਹਾਡੇ ਦਿਲ ਨੂੰ ਤੋੜ ਸਕਦਾ ਹੈ (ਦੂਸਰੀ ਮੋਹਰ), (3) ਕਸ਼ਟ ਤੁਹਾਡੀ ਆਤਮਾ ਨੂੰ ਤੋੜ ਸਕਦਾ ਹੈ (ਤੀਸਰੀ ਮੋਹਰ), (4) ਕਸ਼ਟ ਤੁਹਾਡਾ ਜੀਵਨ ਲੈ ਸਕਦਾ ਹੈ (ਚੌਥੀ ਮੋਹਰ), (5) ਵਿਸ਼ਵਾਸੀ ਦੇ ਲਈ ਕਸ਼ਟ ਦੁੱਗਣੀ ਮਾਤਰਾ ਦੇ ਵਿਚ ਆਉਂਦਾ ਹੈ (ਪੰਜਵੀਂ ਮੋਹਰ), (6) ਜਿਹੜਾ ਕਸ਼ਟ ਮਾਇਨੇ ਰੱਖਦਾ ਹੈ ਉਹ ਅਵਿਸ਼ਵਾਸੀਆਂ ਦੇ ਉੱਤੇ ਆਉਣ ਵਾਲਾ ਕਸ਼ਟ ਹੈ (ਛੇਵੀਂ ਮੋਹਰ), (7) ਪਰਮੇਸ਼ੁਰ ਵਰਤਮਾਨ ਸਮੇਂ ਦੇ ਦੁੱਖ ਝੱਲਣ ਦੇ ਵਿਚ ਤੁਹਾਡੀ ਮਦਦ ਕਰਦਾ ਹੈ — ਅਤੇ ਇੱਕ ਦੁੱਖ-ਰਹਿਤ ਕੱਲ ਦਾ ਵਾਇਦਾ ਕਰਦਾ ਹੈ (ਅਧਿਆਇ 7)। ਜੇਕਰ ਇਹ ਦ੍ਰਿਸ਼ਟੀਕੋਣ ਅਧਿਆਇ 6 ਦੇ ਨਾਲ ਇਸਤੇਮਾਲ ਕੀਤਾ ਗਿਆ ਸੀ, ਤਾਂ ਅਧਿਆਇ 7 ਦਾ ਪਾਲਣ ਕਰਨ ਵਾਲੇ ਪਾਠ ਨੂੰ ਜਾਣਨ ਦੀ ਇੱਛਾ ਨੂੰ ਹੋਰ ਤੇਜ਼ ਕਰਦੇ ਹੋਏ, ਤੁਸੀਂ ਸੱਤਵੇਂ ਬਿੰਦੂ ਦਾ ਉਲੇਖ ਕਰਨਾ ਚਾਹ ਸਕਦੇ ਹੋ। ਇਹ ਰੂਪ-ਰੇਖਾ, ਸਵੇਰ ਦੇ ਸਮੇਂ ਪ੍ਰਚਾਰ ਕੀਤੇ ਚਾਰ ਬਿੰਦੂਆਂ ਅਤੇ ਸ਼ਾਮ ਦੇ ਸਮੇਂ ਪ੍ਰਚਾਰ ਕੀਤੇ ਗਏ ਤਿੰਨ ਬਿੰਦੂਆਂ ਦੇ ਨਾਲ ਦੋ-ਭਾਗਾਂ ਵਾਲਾ ਉਪਦੇਸ਼ ਹੋ ਸਕਦਾ ਹੈ।

### ਕਿਆਮਤ ਦੇ ਚਾਰ ਘੋੜ ਸਵਾਰ (6:1-8)

ਹੇਠ ਲਿਖੇ ਨੂੰ ਆਇਤਾਂ 1-8 ਦੇ ਸਾਰ ਦੇ ਲਈ ਇੱਕ ਚਾਰਟ ਦੇ ਰੂਪ ਵਿਚ ਇਸਤੇਮਾਲ ਕੀਤਾ ਜਾ ਸਕਦਾ ਹੈ:

1. *ਜਿੱਤ* – ਮਨੁੱਖ ਦੇ ਲੋਭ ਦੀ, ਜਿਵੇਂ ਕਿ *ਸਾਮਰਾਜਵਾਦ* ਦੇ ਰੂਪ ਵਿਚ ਵੇਖਿਆ ਗਿਆ ਸੀ (ਹੋਰ ਵੀ ਸਪਸ਼ੱਟ ਜਿੱਤ, ਖਾਸ ਤੌਰ ਤੇ ਮਸੀਹੀਆਂ ਦੀ)।
2. *ਅਸ਼ਾਂਤੀ* – ਜਿਵੇਂ ਬਹੁਤ ਸਾਰੇ ਨਿਰਦੋਸ਼ਾਂ ਦਾ ਕਤਲ *ਯੁੱਧ* ਵਿਚ ਉਲੇਖਯੋਗ ਹੁੰਦਾ ਹੈ (ਖਾਸ ਤੌਰ ਤੇ ਮਸੀਹੀਆਂ ਦਾ)।
3. *ਪਰਤਾਵਾ* – ਜਿਵੇਂ ਉਨ੍ਹਾਂ ਲੋਕਾਂ ਦੇ ਉੱਤੇ ਜਿਨ੍ਹਾਂ ਨੂੰ ਮਾਰਿਆ ਨਹੀਂ ਗਿਆ ਸੀ *ਆਰਥਿਕ ਕਸ਼ਟ* (ਖਾਸ ਤੌਰ ਤੇ ਮਸੀਹੀਆਂ ਦੇ ਉੱਤੇ)।
4. *ਦੁੱਖ* – ਸਾਰੇ ਸੰਸਾਰ ਵਿਚ ਅਨੁਭਵ ਕੀਤਾ ਗਿਆ, ਗੈਰ ਕੁਦਰਤੀ ਕਾਰਣਾਂ ਦੇ ਕਾਰਣ *ਮੌਤ* ਦਾ ਚਰਮ ਸੀਮਾ ਤੇ ਪਹੁੰਚਣਾ (ਮਸੀਹੀਆਂ ਅਤੇ ਗੈਰ ਮਸੀਹੀਆਂ ਦੇ ਲਈ)।

### ਕੋਈ ਅਚਰਜ ਨਹੀਂ (6:1-8)

ਪਰਮੇਸ਼ੁਰ ਨੇ ਸੋਚਿਆ ਕਿ ਮਸੀਹੀਆਂ ਦੇ ਲਈ ਇਹ ਮਹੱਤਵਪੂਰਣ ਹੈ ਕਿ ਉਹ ਸਿੱਧਾ ਸਾਦਾ ਜੀਵਨ ਨਾ ਗੁਜ਼ਾਰਣ — ਖਾਸ ਤੌਰ ਤੇ ਅੱਤਿਆਚਾਰ ਦੇ ਸੰਬੰਧ ਦੇ ਵਿਚ (ਵੇਖੋ ਮੱਤੀ 5:10–12, 44; 10:23; 13:21; 23:34; ਲੂਕਾ 11:49; 21:12; ਯੂਹੰਨਾ 15:20)। ਉਸ ਨੇ ਉਸ ਅੱਤਿਆਚਾਰ ਦੇ ਵਿਸ਼ੇ ਵਿਚ ਜਿਸ ਦਾ ਸਾਹਮਣਾ ਉਸ ਦੇ ਚੇਲਿਆਂ ਨੇ ਕਰਨਾ ਸੀ ਅਦਭੁੱਤ ਨਿਰਮਲਤਾ ਦੇ ਨਾਲ ਗੱਲ ਕੀਤੀ:

> ਅਰ ਭਾਈ ਭਾਈ ਨੂੰ ਅਤੇ ਪਿਉ ਪੁੱਤ੍ਰ ਨੂੰ ਮੌਤ ਲਈ ਫੜਵਾਏਗਾ ਅਤੇ ਬਾਲਕ ਆਪਣੇ ਮਾਪਿਆਂ ਦੇ ਵਿਰੁੱਧ ਉੱਠ ਖੜੇ ਹੋਣਗੇ ਅਤੇ ਉਨ੍ਹਾਂ ਨੂੰ ਮਰਵਾ ਸੁੱਟਣਗੇ। ਅਤੇ ਮੇਰੇ ਨਾਮ ਕਰਕੇ ਸਭ ਲੋਕ ਤੁਹਾਡੇ ਨਾਲ ਵੈਰ ਰੱਖਣਗੇ . . . (ਮੱਤੀ 10:21, 22)।

ਇਹ ਨਾ ਸਮਝੋ ਭਈ ਮੈਂ ਧਰਤੀ ਉੱਤੇ ਮੇਲ ਕਰਾਉਣ ਆਇਆ। ਮੇਲ ਕਰਾਉਣ ਨਹੀਂ ਸਗੋਂ ਤਲਵਾਰ ਚਲਾਉਣ ਆਇਆ ਹਾਂ (ਮੱਤੀ 10:34)।

ਪੌਲੁਸ ਰਸੂਲ ਉਸੇ ਤਰੀਕੇ ਦੇ ਨਾਲ ਸੋਚਦਾ ਹੈ। ਉਸ ਨੇ ਨਵੇਂ ਮਸੀਹੀਆਂ ਨੂੰ ਕਿਹਾ, "ਅਸੀਂ ਬਹੁਤ ਬਿਪਤਾ ਸਹਿ ਕੇ ਪਰਮੇਸ਼ੁਰ ਦੇ ਰਾਜ ਵਿੱਚ ਵੜਨਾ ਹੈ।" (ਰਸੂਲਾਂ ਦੇ ਕਰਤੱਬ 14:22)। ਉਸ ਨੇ ਇਹ ਵੀ ਲਿਖਿਆ ਕਿ "ਸੱਭੇ ਜਿੰਨੇ ਭਗਤੀ ਨਾਲ ਉਮਰ ਕੱਟਣੀ ਚਾਹੁੰਦੇ ਹਨ ਸੋ ਸਤਾਏ ਜਾਣਗੇ।" (2 ਤਿਮੋਥਿਉਸ 3:12)। ਬਾਈਬਲ ਯਿਸੂ ਦੇ ਚੇਲਿਆਂ ਦੇ ਉੱਤੇ ਹੋਣ ਵਾਲੇ ਅੱਤਿਆਚਾਰ ਬਾਰੇ ਬਹੁਤ ਕੁਝ ਕਹਿੰਦੀ ਹੈ ਜਿਸ ਕਾਰਣ ਪੌਲੁਸ ਰਸੂਲ ਨੇ ਲਿਖਿਆ ਕਿ, "ਹੇ ਪਿਆਰਿਓ, ਜਿਹੜੀ ਬਿਪਤਾ ਦਾ ਲਾਂਬੂ . . . ਉਹ ਨੂੰ *ਅਚਰਜ ਨਾ ਮੰਨੋ* ਭਈ ਜਿੱਕੁਰ ਤੁਹਾਡੇ ਨਾਲ ਕੋਈ ਅਣੋਖੀ ਗੱਲ ਪਈ ਬੀਤਦੀ ਹੈ" (1 ਪਤਰਸ 4:12; ਜ਼ੋਰ ਦਿੱਤਾ ਗਿਆ ਹੈ)।

ਪਰਕਾਸ਼ ਦੀ ਪੋਥੀ ਨੂੰ ਚਾਰ ਘੋੜ ਸਵਾਰਾਂ ਦੇ ਭਵਿੱਖ ਸੂਚਕ ਦ੍ਰਿਸ਼ਾਂ ਦੇ ਦੁਆਰਾ ਸ਼ੁਰੂ ਕਰਨ ਦਾ ਇੱਕ ਸੰਭਵ ਕਾਰਣ ਇਹ ਸੀ ਕਿ ਪਹਿਲੀ ਸਦੀ ਦੇ ਮਸੀਹੀਆਂ ਨੂੰ ਆਉਣ ਵਾਲੀ "ਅੱਗ ਦੇ ਸਮਾਨ ਔਖੀ ਘੜੀ" ਦੇ ਵਿਸ਼ੇ ਵਿਚ "ਕੋਈ ਹੈਰਾਨੀ" ਨਾ ਹੋਵੇ। ਸਾਨੂੰ *ਹੁਣ ਵੀ* ਇਹ ਸਮਝਣ ਦੀ ਲੋੜ ਹੈ ਕਿ ਜਦੋਂ ਅਸੀਂ ਆਪਣੇ ਜੀਵਨਾਂ ਨੂੰ ਯਿਸੂ ਨੂੰ ਸੌਂਪਦੇ ਹਾਂ ਤਾਂ ਉਸ ਵਿਚ ਕੀ ਸ਼ਾਮਲ ਹੁੰਦਾ ਹੈ।

ਪਰਕਾਸ਼ ਦੀ ਪੋਥੀ ਨੂੰ ਪੜ੍ਹਣ ਵਾਲ ਮਸੀਹੀਆਂ ਦੇ ਲਈ, ਦੁੱਖ-ਕਲੇਸ਼ "ਕੋਈ ਹੈਰਾਨੀ" ਦੀ ਗੱਲ ਨਹੀਂ ਹਨ। ਪਹਿਲੀਆਂ ਚਾਰ ਮੌਹਰਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਦੁੱਖ ਅਟਲ ਹਨ। ਲਾਲਚ, ਯੁੱਧ, ਆਰਥਿਕ ਪਰੇਸ਼ਾਨੀ, ਅਤੇ ਮੌਤ ਜੀਵਨ ਦੀ ਚਿੱਤਰਮਾਲਾ ਦੇ ਹਿੱਸੇ ਹਨ, ਧਰਤੀ ਦਾ ਹਨੇਰਾ ਭਾਗ ਪਾਪ ਦੇ ਕਾਰਣ ਵਿਗੜਿਆ ਹੋਇਆ ਹੈ। ਇਸ ਤੱਥ ਦਾ ਇਹ ਅਰਥ ਨਹੀਂ ਹੈ ਕਿ ਮਸੀਹੀਆਂ ਨੂੰ ਨਿਰਾਸ਼ ਹੋਣਾ ਚਾਹੀਦਾ ਹੈ। ". . . ਜਦੋਂ ਪਰਮੇਸ਼ੁਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ?" (ਰੋਮੀਆਂ 8:31)।[33]

ਦੂਸਰੇ ਵਿਸ਼ਵ ਯੁੱਧ ਹਨੇਰਿਆਂ ਦਿਨਾਂ ਵਿਚ, ਵਿੰਸਟਨ ਚਰਚਿਲ ਨੇ ਹੈਰੋ ਸਕੂਲ ਦੇ ਗ੍ਰੈਜੂਏਟ ਕਰ ਰਹੀ ਕਲਾਸ ਨੂੰ ਸੰਬੋਧਤ ਕੀਤਾ, ਜੋ ਕਿ ਮਿਡਲਸੈਕਸ, ਇੰਗਲੈਂਡ ਵਿਚ ਮੁੰਡਿਆਂ ਦਾ ਇੱਕ ਸਕੂਲ ਹੈ। ਭਾਸ਼ਣ ਵਿਚੋਂ ਇਹ ਸ਼ਬਦ ਜਿਉਂਦੇ ਰਹਿੰਦੇ ਹਨ: "ਕਦੀ ਪਿੱਛੇ ਨਾ ਹਟੋ, ਕਦੀ ਨਾ ਹਟੋ, ਕਦੀ ਨਹੀਂ, ਕਦੀ ਨਹੀਂ, ਕਦੀ ਨਹੀਂ, ਕਦੀ ਨਹੀਂ – ਕਿਸੇ ਵੀ ਗੱਲ ਤੋਂ ਨਹੀਂ, ਭਾਵੇਂ ਮਹਾਨ ਜਾਂ ਛੋਟੀ, ਵਿਸ਼ਾਲ ਜਾਂ ਮਾਮੂਲੀ ਕਿਸੇ ਗੱਲ ਵਿਚ – ਕਦੀ ਹਾਰ ਨਾ ਮੰਨੋ . . . ।"[34] ਸ਼ਤਾਨ ਦੇ ਨਾਲ ਸਾਡੇ ਯੁੱਧ ਵਿਚ, ਬਾਈਬਲ ਇਹ ਵੀ ਕਹਿੰਦੀ ਹੈ, "ਕਦੀ ਵੀ ਹਿੰਮਤ ਨਾ ਹਾਰੋ।" ਜਿਵੇਂ ਯਹੋਸ਼ੁਆ ਨੇ ਪੁਰਾਣੇ ਨੇਮ ਵਿਚ ਕਿਹਾ ਹੈ, "ਤਕੜਾ ਹੋ ਅਤੇ ਹੌਸਲਾ ਰੱਖ! ਨਾ ਕੰਬ ਅਤੇ ਨਾ ਘਾਬਰ ਕਿਉਂ ਜੋ ਯਹੋਵਾਹ ਤੇਰਾ ਪਰਮੇਸ਼ੁਰ ਜਿੱਥੇ ਤੂੰ ਜਾਵੇਂ ਤੇਰੇ ਸੰਗ ਹੈ" (ਯਹੋਸ਼ੁਆ 1:9)।

### ਅੱਜ ਦੇ ਸਮੇਂ ਵਿਚ ਚਾਰ ਘੋੜ ਸਵਾਰ (6:1-8)

ਇਸ ਗੱਲ ਨੂੰ ਸਮਝੋ ਕਿ ਭਿਆਨਕ ਸਵਾਰਾਂ ਨੇ ਸਿਰਫ ਪਹਿਲੀ, ਦੂਸਰੀ, ਅਤੇ ਤੀਸਰੀ ਸਦੀ ਵਿਚ ਹੀ ਸਵਾਰੀ ਨਹੀਂ ਕੀਤੀ ਸੀ। ਤਿੰਨਾਂ ਨੇ ਉਸ ਸਮੇਂ ਦੌੜਨਾ ਸ਼ੁਰੂ ਕੀਤਾ ਸੀ ਜਦੋਂ ਪਾਪ ਨੇ ਸੰਸਾਰ ਦੇ ਵਿਚ ਪ੍ਰਵੇਸ਼ ਕੀਤਾ (ਉਤਪਤ 3), ਅਤੇ ਉਹ ਸਦੀਆਂ ਤੋਂ ਮਨੁੱਖ ਜਾਤੀ ਨੂੰ ਦੁੱਖ ਦਿੰਦੇ ਰਹੇ ਹਨ। ਪਰਕਾਸ਼ ਦੀ ਪੋਥੀ 6:1-8 ਨੂੰ "ਦੁੱਖ ਦਾ ਇਤਿਹਾਸ" ਕਿਹਾ ਜਾਂਦਾ ਹੈ। ਜੌਨ

ਬੋਮੈਨ ਨੇ ਕਿਹਾ ਕਿ ਪਹਿਲੇ ਚਾਰ ਦ੍ਰਿਸ਼ "ਇੱਕ ਨਿਰਾਸ਼ਾਜਨਕ ਕਹਾਣੀ ਦੱਸਦੇ ਹਨ। ਇਹ ਮਨੁੱਖ ਦੀਆਂ ਨਿਰਾਸ਼ਾਵਾਂ ਅਤੇ ਉਸ ਦੀਆਂ ਮਿਹਨਤਾਂ ਦੀ ਵਿਅਰਥਤਾ ਦੀ ਦੁੱਖ ਭਰੀ ਕਹਾਣੀ ਹੈ; ਇਹ ਸੰਸਕ੍ਰਿਤੀਆਂ ਅਤੇ ਸੱਭਿਆਤਾਵਾਂ ਦੇ ਉੱਠਣ ਅਤੇ ਡਿੱਗਣ ਦੀ ਗੜਗੜਾਹਟ ਹੈ।"[35] ਯੂਜੀਨ ਪੀਟਰਸਨ ਨੇ ਘੋਸ਼ਣਾ ਕੀਤੀ ਕਿ ਘੋੜ ਸਵਾਰ ਮਨੁੱਖ ਦੀ ਮਨੁੱਖ ਦੇ ਪ੍ਰਤਿ ਬੇਦਰਦੀ ਤੋਂ ਪੈਦਾ ਹੋਣ ਵਾਲੀ ਬੁਰਾਈ ਦਾ ਪ੍ਰਤੀਕ ਹਨ:

> ਯੁੱਧ ਸਮਾਜਿਕ ਬੁਰਾਈ ਹੈ; ਅਕਾਲ ਵਾਤਾਵਰਣਿਕ ਬੁਰਾਈ; ਅਤੇ ਬੀਮਾਰੀ ਜੈਵਿਕ ਬੁਰਾਈ ਹੈ। ਯੁੱਧ ਸਮਾਜ ਦੀ ਭਲਾਈ ਤੇ ਹਮਲਾ ਕਰਦਾ ਹੈ; ਅਕਾਲ ਪਰਮੇਸ਼ੁਰ ਦੀ ਦਾਨਸ਼ੀਲਤਾ ਨੂੰ ਨਾਸ ਅਤੇ ਭੰਗ ਕਰਦਾ ਹੈ; ਬੀਮਾਰੀ ਪਰਮੇਸ਼ੁਰ ਦੇ ਦੁਆਰਾ ਦਿੱਤੇ ਗਏ ਸਰੀਰਾਂ ਨੂੰ ਬਰਬਾਦ ਅਤੇ ਨਾਸ ਕਰ ਦਿੰਦੀ ਹੈ: ਸਮਾਜ ਦੇ ਵਿਰੁੱਧ ਪਾਪ, ਦੇਸ਼ ਦੇ ਵਿਰੁੱਧ ਪਾਪ, ਸਰੀਰ ਦੇ ਵਿਰੁੱਧ ਪਾਪ।[36]

ਕੁਝ ਲੋਕ ਵਿਰੋਧ ਕਰਨਗੇ ਕਿ: "ਯਕੀਨੀ ਤੌਰ ਤੇ, ਚਾਰਾਂ ਘੋੜ ਸਵਾਰਾਂ ਨੇ ਭੂਤ ਕਾਲ ਵਿਚ ਕੁਝ ਸਮਾਂ ਪਹਿਲਾਂ ਆਪਣੇ ਘੋੜਿਆਂ ਨੂੰ ਰੋਕ ਲਿਆ ਹੈ। ਉਹ ਅੱਜ ਸਾਡੇ ਰੌਸ਼ਨ ਯੁੱਗ ਦੇ ਵਿੱਚ ਸਵਾਰੀ ਨਹੀਂ ਕਰ ਰਹੇ ਹਨ, ਹੈ ਨਾ?" ਪਰ ਸਬੂਤ ਇੱਕ ਵਧੀਆ ਜਵਾਬ ਦਿੰਦੇ ਹਨ: "ਹਾਂ, ਉਹ ਹੁਣ ਵੀ ਸਵਾਰੀ ਕਰ ਰਹੇ ਹਨ!" ਬਾਰਟਨ ਕੌਫਮੈਨ ਨੇ ਟਿੱਪਣੀ ਕੀਤੀ: "ਹਰ ਸਵੇਰ ਦੀ ਅਖ਼ਬਾਰ ਇਸ ਗੱਲ ਨੂੰ ਦੱਸਦੀ ਹੈ ਕਿ ਇਹ ਨਾਸ ਕਰਨ ਵਾਲੇ ਘੋੜ ਸਵਾਰ . . . ਇਸ ਸਮੇਂ ਸਾਰੇ ਸੰਸਾਰ ਵਿਚ ਕੀ ਕਰ ਰਹੇ ਹਨ।"[37]

ਜੇਕਰ ਇਸ ਗੱਲ ਦੇ ਸਬੂਤ ਦੀ ਲੋੜ ਹੈ ਕਿ ਚਾਰ ਸਵਾਰ ਹਮੇਸ਼ਾ ਤੋਂ ਧਰਤੀ ਉੱਤੇ ਸਵਾਰੀ ਕਰਦੇ ਰਹੇ ਹਨ, ਅਤੇ ਹਮੇਸ਼ਾ ਸਵਾਰੀ ਕਰਦੇ ਰਹਿਣਗੇ, ਹੇਠਾਂ ਲਿਖੇ ਤੇ ਵਿਚਾਰ ਕਰੋ:

*ਚਿੱਟੇ ਘੋੜੇ ਦਾ ਸਵਾਰ।* ਇਹ ਪਹਿਲਾ ਸਵਾਰ ਕੋਈ ਵੀ ਵਿਅਕਤੀ ਜਾਂ ਸਮੂਹ ਹੋ ਸਕਦਾ ਹੈ ਜੋ ਦੂਜਿਆਂ ਤੇ ਆਪਣੀ ਇੱਛਾ ਨੂੰ ਲਾਗੂ ਕਰਨ ਨੂੰ ਤਿਆਰ ਰਹਿੰਦਾ ਹੈ। ਕਇਨ ਤੋਂ ਸ਼ੁਰੂ ਕਰ ਕੇ, ਲੋਕ ਦੂਜਿਆਂ ਦੀਆਂ ਚੀਜ਼ਾਂ ਦਾ ਲਾਲਚ ਕਰਦੇ ਆਏ ਹਨ – ਅਤੇ ਉਸ ਨੂੰ ਪਾਉਣ ਦੇ ਲਈ ਕਿਸੇ ਵੀ ਹੱਦ ਤਕ ਗਿਰ ਜਾਂਦੇ ਹਨ।

> ਇੱਕ ਭਿਖਾਰੀ ਨੇ ਇੱਕ ਕਰੋੜਪਤੀ ਨੂੰ ਪੁੱਛਿਆ,
> "ਤੁਹਾਨੂੰ ਸੱਚਮੁੱਚ ਖੁਸ਼ ਹੋਣ ਦੇ ਲਈ ਕਿੰਨੇ ਹੋਰ ਡਾਲਰ ਲੱਗਣਗੇ?"
>
> ਕਰੋੜਪਤੀ ਨੇ, ਆਪਣੇ ਢੀਠਪੁਣੇ ਦੇ ਹੱਥ ਨੂੰ ਭਿਖਾਰੀ ਦੇ ਕਟੋਰੇ ਵਿਚ ਪਾਉਂਦੇ ਹੋਏ,
> ਉੱਤਰ ਦਿੱਤਾ, "ਸਿਰਫ ਇੱਰ ਹੋਰ!"[38]

ਜ਼ਮੀਨ ਦੇ ਲੋਭੀ ਮਾਲਕ ਕਹਿੰਦੇ ਹਨ, "ਮੈ ਸੰਸਾਰ ਦੀ ਸਾਰੀ ਜ਼ਮੀਨ ਨਹੀਂ ਚਾਹੁੰਦਾ ਹਾਂ; ਮੈ ਸਿਰਫ ਉਹੀ ਜ਼ਮੀਨ ਚਾਹੁੰਦਾ ਹਾਂ *ਜੋ ਮੇਰੀ ਜ਼ਮੀਨ ਦੇ ਨਾਲ ਲੱਗਦੀ ਹੈ*।"

ਚਿੱਟੇ ਘੋੜੇ ਦਾ ਸਵਾਰ ਹਰ ਪ੍ਰਕਾਰ ਰਿਸ਼ਤਿਆਂ ਨੂੰ: ਵਿਅਕਤੀਗਤ, ਰਾਸ਼ਟਰੀ, ਅਤੇ ਅੰਤਰ ਰਾਸ਼ਟਰੀ ਦੇ ਚਲਾਉਂਦਾ ਹੈ। ਭਾਵੇਂ ਤੁਸੀਂ ਉਸ ਨੂੰ "ਜਿੱਤ," "ਸਾਮਰਾਜਵਾਦ," "ਲੋਭ," ਜਾਂ "ਸੁਆਰਥ ਦੇ ਨਾਲ ਚਲਾਏ ਜਾਣ ਵਾਲੇ ਦੰਗੇ, ਕਹਿੰਦੇ ਹੋ" ਉਹ ਸਾਡੀ ਦੁਨੀਆਂ ਦੇ ਵਿਚ ਲਗਾਤਾਰ ਤੇਜ਼ੀ ਦੇ ਨਾਲ ਵੱਧ ਰਿਹਾ ਹੈ – ਅਤੇ ਮੁਸੀਬਤ ਹਮੇਸ਼ਾ ਇਸੇ ਪ੍ਰਕਾਰ ਚੱਲਦੀ ਹੈ।

*ਲਾਲ ਘੋੜੇ ਉੱਤੇ ਸਵਾਰ।* ਇਸ ਪਾਪ ਦੇ ਰੋਗੀ ਸੰਸਾਰ ਵਿਚ ਹਮੇਸ਼ਾ "ਲੜਾਈਆਂ ਅਤੇ

ਲੜਾਈਆਂ ਦੀਆਂ ਅਫਵਾਹਾਂ" ਹੁੰਦੀਆਂ ਹਨ। ਐਲਬਰਟ ਆਇਨਸਟਾਈਨ ਨੇ ਇਹ ਦੁੱਖ ਭਰਿਆ ਵਿਚਾਰ ਪੇਸ਼ ਕੀਤਾ ਹੈ: "ਜਦੋਂ ਤੱਕ ਮਹਾਂਪਾਲਕ ਦੇਸ਼ ਮਹਾਨ ਸ਼ਕਤੀ ਰੱਖਣਗੇ, ਉਦੋਂ ਤਕ ਯੁੱਧ ਲਾਜ਼ਮੀ ਹੈ।"[39] ਯੁੱਧ ਦੀ ਪ੍ਰਸ਼ੰਸਾ ਕਰਨ ਦੇ ਲਈ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਪਰ ਸਿਵਿਲ ਵਾਰ ਯੂਨੀਅਨ ਦੇ ਜਨਰਲ ਵਿਲੀਅਮ ਟਕੁਮਸੇਹ ਦੇ 1880 ਵਿਚ ਬੋਲੇ ਗਏ ਸ਼ਬਦ ਅੱਜ ਵੀ ਸੱਚ ਹਨ: "ਮੈਂ ਯੁੱਧ ਤੋਂ ਥੱਕ ਗਿਆ ਅਤੇ ਮਾਂਦਾ ਪੈ ਗਿਆ ਹਾਂ . . . । ਇਹ ਸਿਰਫ ਉਹੀ ਹਨ ਜੋ ਲਹੂ ਅਤੇ ਹੋਰ ਬਦਲੇ ਅਤੇ ਹੋਰ ਵਿਨਾਸ਼ ਦੇ ਲਈ ਚਿਲਾਉਂਦੇ ਹਨ ਜਿਨ੍ਹਾਂ ਨੇ ਕਦੀ ਵੀ ਇੱਕ ਗੋਲੀ ਨਹੀਂ ਚਲਾਈ ਅਤੇ ਨਾ ਹੀ ਜ਼ਖਮੀ ਲੋਕਾਂ ਦੀਆਂ ਚੀਕਾਂ ਅਤੇ ਕੁਰਲਾਉਣਾ ਸੁਣਿਆ ਹੈ।"[40] ਯੁੱਧ ਦੇ ਪ੍ਰਭਾਵ ਉਨ੍ਹਾਂ ਸਾਰਿਆਂ ਦੇ ਲਈ ਸਪਸ਼ੱਟ ਹਨ ਜੋ ਕਬਰਸਥਾਨ ਵਿਚ ਗਏ ਸਨ ਜਿੱਥੇ ਢਹਿ ਢੇਰੀ ਹੋਏ ਯੋਧਿਆਂ ਦੀਆਂ ਕਬਰਾਂ ਖਿਤਿਜ ਤੇ ਫੈਲੀਆਂ ਹੋਈਆਂ ਹੁੰਦੀਆਂ ਹਨ, ਜਾਂ ਨਸ਼ਟ ਹੋਏ ਸਰੀਰਾਂ, ਮਨਾਂ, ਅਤੇ ਜੀਵਨ ਦੇ ਯੁੱਧ ਦੀ ਗੰਭੀਰ ਵਿਰਾਸਤ ਨੂੰ ਵੇਖਿਆ ਹੈ ਜਾਂ ਪਿੱਛੇ ਬਚੇ ਹੋਏ ਲੋਕਾਂ ਦੇ ਨਾਲ ਇਸ ਨੂੰ ਸਾਂਝਾ ਕੀਤਾ ਹੈ। ਦੂਸਰਾ ਘੋੜ ਸਵਾਰ ਹੁਣ ਵੀ ਸਵਾਰੀ ਕਰ ਰਿਹਾ ਹੈ – ਅਤੇ ਇੱਕ ਦਿਨ ਦੇ ਲਈ ਵੀ ਰੁੱਕਦਾ ਨਹੀਂ ਹੈ।

*ਕਾਲੇ ਘੋੜੇ ਦਾ ਸਵਾਰ।* ਜੇਕਰ ਕਿਸੇ ਵੀ ਘੋੜਸਵਾਰ ਨੂੰ ਬਹੁਤ ਸਮਾਂ ਪਹਿਲਾਂ ਸੇਵਾਮੁਕਤ ਹੋਣਾ ਚਾਹੀਦਾ ਸੀ, ਤਾਂ ਉਹ ਕਾਲੇ ਘੋੜੇ ਦਾ ਸਵਾਰ ਹੈ: ਆਰਥਿਕ ਕਸ਼ਟ। ਖੇਤੀਬਾੜੀ ਤਕਨਾਲੋਜੀ ਲਗਾਤਾਰ ਉੱਨਤੀ ਕਰ ਰਹਾ ਹੈ; ਇੱਕ ਆਦਮੀ ਇੰਨਾ ਵੱਧ ਸਕਦਾ ਹੈ ਕਿ ਇੱਕ ਹਜ਼ਾਰ ਨੂੰ ਖੁਆਉਣ ਦੇ ਯੋਗ ਹੋ ਸਕਦਾ ਹੈ। ਫਿਰ ਵੀ, ਇਹ ਗੱਲ ਅਜੇ ਵੀ ਸੱਚ ਹੈ ਕਿ ਦੁਨੀਆਂ ਦੀ ਜਨਸੰਖਿਆ ਦਾ 70 ਪ੍ਰਤੀਸ਼ਤ ਭਾਗ ਹਰ ਰੋਜ਼ ਭੁੱਖਾ ਸੌਂਦਾ ਹੈ। ਟੈਲੀਵਿਜ਼ਨ ਉਨ੍ਹਾਂ ਨਿਰਾਸ਼ ਲੋਕਾਂ ਦੀਆਂ ਤਸਵੀਰਾਂ ਵਿਖਾਉਂਦਾ ਹੈ ਜੋ ਕੂੜੇ ਦੇ ਢੇਰਾਂ ਤੇ ਜੰਮੇ ਰਹਿੰਦੇ ਹਨ ਤਾਂ ਕਿ ਕੁਝ ਕੁ ਟੁਕੜਿਆਂ ਦੇ ਨਾਲ ਆਪਣੀ ਭੁੱਖ ਨੂੰ ਮਿਟਾ ਸਕਣ – ਜਾਂ ਭੁੱਖ ਦੇ ਨਾਲ ਮਰ ਰਹੇ ਬੱਚਿਆਂ ਦੀਆਂ ਤਸਵੀਰਾਂ ਜਿਨ੍ਹਾਂ ਦੇ ਸਰੀਰ ਦੇ ਅੰਗ ਪਤਲੇ ਤੇ ਕਮਜ਼ੋਰ ਹੁੰਦੇ ਹਨ ਅਤੇ ਪੇਟ ਫੁੱਲੇ ਹੋਏ ਹੁੰਦੇ ਹਨ।

*ਕਾਲੇ ਘੋੜੇ ਦਾ ਸਵਾਰ* । ਕੀ ਮੌਤ ਅਤੇ ਪਤਾਲ ਨਿਰੰਤਰ "ਤਲਵਾਰ ਨਾਲ, ਕਾਲ ਨਾਲ, ਮਰੀ ਨਾਲ ਅਤੇ ਧਰਤੀ ਦਿਆਂ ਦਰਿੰਦਿਆਂ ਦੇ ਰਾਹੀਂ ਮਾਰ ਰਹੇ ਹਨ" (ਆਇਤ 8)?

ਇਹ ਸਪਸ਼ੱਟ ਹੈ ਕਿ ਤਲਵਾਰ ਕਦੀ ਵੀ ਮਿਆਨ ਵਿਚ ਨਹੀਂ ਰੱਖੀ ਗਈ ਹੈ। ਪੁਰਾਣੇ ਸਮੇਂ ਅਤੇ ਵਰਤਮਾਨ ਸਮੇਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ: ਹੋਲੋਕਾੱਸਟ ਵਿਚ ਛੇ ਲੱਖ ਯਹੂਦੀ ਮਾਰੇ ਗਏ ਸਨ; ਆਦਮੀ, ਇਸਤਰੀਆਂ, ਲੜਕੇ, ਅਤੇ ਲੜਕੀਆਂ ਹਿਰੋਸ਼ਿਮਾ ਦੇ ਪਰਮਾਣੂ ਤੁਫਾਨਾਂ ਦੇ ਵਿਚ ਉਡਾ ਦਿੱਤੇ ਗਏ ਸਨ; ਯੁੱਧ ਵਾਲੇ ਸ਼ਹਿਰਾਂ ਵਿਚ ਅੱਜ ਵੀ ਕਤਲ ਕੀਤੇ ਗਏ ਲੋਕਾਂ ਦੀਆਂ ਲਾਸ਼ਾਂ ਪਈਆਂ ਹੋਈਆਂ ਹਨ। ਘਰ ਦੇ ਨੇੜੇ, ਕਿਸ ਨੇ ਇੱਕ ਅਜਿਹੇ ਵਿਅਕਤੀ ਨੂੰ ਦਫਨ ਨਹੀਂ ਕੀਤਾ ਜੋ ਆਪਣੀ ਜਾਨ ਤੋਂ ਵੀ ਪਿਆਰਾ ਸੀ?

ਇਸ ਘਾਤਕ ਜੋੜੀ ਦੇ ਦੁਆਰਾ ਅਕਾਲ ਦਾ ਇਸਤੇਮਾਲ ਕੀਤਾ ਜਾਣਾ ਜਾਰੀ ਹੈ। 1943 ਦੇ ਵਿਚ ਯੁੱਧ – ਦੇ ਕਾਰਣ ਹੋਏ ਅਕਾਲ ਦੇ ਨਤੀਜੇ ਵਜੋਂ ਚੀਨ ਵਿਚ ਪੰਜ ਲੱਖ ਲੋਕਾਂ ਦੀ ਮੌਤ ਹੋ ਗਈ ਸੀ ਅਤੇ 1970 ਦੇ ਦਸ਼ਕ ਵਿਚ ਕੰਬੋਡੀਆ ਵਿਚ ਅਜਿਹਾ ਦੁੱਖ ਸੀ ਜੋ ਬਿਆਨ ਤੋਂ ਵੀ ਬਾਹਰ ਹੈ। ਸੋਕੇ ਦੇ ਕਾਰਣ ਪਿਆ ਅਕਾਲ ਹੁਣ ਤੱਕ ਮਾਰਦਾ ਪਿਆ ਹੈ।

ਮਹਾਮਾਰੀ ਮੌਤ ਦੇ ਹਥਿਆਰ ਘਰ ਵਿਚ ਹਮੇਸ਼ਾ ਇੱਕ ਖਤਰਨਾਕ ਹਥਿਆਰ ਰਿਹਾ ਹੈ।

ਛੇਵੀਂ ਸ਼ਤਾਬਦੀ ਦੇ ਦੌਰਾਨ, ਕਾਲੀ ਮੌਤ ਨੇ (ਬਿਊਬੋਨਿਕ ਪਲੇਗ) ਨੇ, ਮੱਧ ਪੂਰਬ, ਯੂਰਪ, ਅਤੇ ਏਸ਼ੀਆ ਵਿਚ ਇੱਕ ਸੌ ਮਿਲੀਅਨ ਲੋਕਾਂ ਨੂੰ, ਅਤੇ ਚੌਧਵੀਂ ਸ਼ਤਾਬਦੀ ਵਿਚ ਯੂਰਪ ਵਿਚ ਪਚੱਤਰ ਲੱਖ ਲੋਕਾਂ ਨੂੰ ਮਾਰ ਦਿੱਤਾ ਸੀ।[41] 1918-19 ਦੇ ਵਿਚ ਫਲੂ ਮਹਾਮਾਰੀ ਨੇ ਇੱਕੀ ਲੱਖ ਲੋਕਾਂ ਨੂੰ ਮਾਰ ਦਿੱਤਾ ਸੀ।[42] ਜ਼ਿਆਦਾਤਰ ਲੋਕ ਅੱਜ ਦੀ AIDS ਮਹਾਂਮਾਰੀ ਤੋਂ ਜਾਣੂ ਹਨ।

"ਧਰਤੀ ਦੇ ਜੰਗਲੀ ਜਾਨਵਰਾਂ" ਦੇ ਵਿਸ਼ੇ ਵਿਚ ਕੀ ਕਿਹਾ ਜਾ ਸਕਦਾ ਹੈ? ਸੰਯੁਕਤ ਰਾਜ ਅਮਰੀਕਾ ਵਿਚ, ਜ਼ਿਆਦਾਤਰ ਜੰਗਲੀ ਜਾਨਵਰ ਚਿੜਿਆ ਘਰਾਂ ਦੇ ਵਿਚ ਰਹਿੰਦੇ ਹਨ। ਕੀ ਹੁਣ ਆਪਣੇ ਨਿਪਟਾਰੇ ਦੇ ਲਈ ਮੌਤ ਕੋਲ ਬਹੁਤ ਘੱਟ "ਜੰਗਲੀ ਜਾਨਵਰ" ਹਨ? ਜਾਂ ਕੀ ਜਾਵਨਰਾਂ ਦੇ ਰਾਜ ਦੇ "ਜੰਗਲੀ ਦਰਿੰਦਿਆਂ" ਦਾ ਸਥਾਨ ਹੋਰ ਵੀ ਖਤਰਨਾਕ ਅੱਤਵਾਦੀਆਂ, ਟੇਡੇ ਲੋਕਾਂ, ਖ਼ੂਨੀਆਂ ਅਤੇ ਹਰਾਮਕਾਰਾਂ ਨੇ ਲੈ ਲਈ ਹੈ?

ਕੌਣ ਇਹ ਤਰਕ ਦਿੰਦਾ ਹੈ ਕਿ ਚੌਥੇ ਘੋੜਸਵਾਰ ਦੀ ਸਵਾਰੀ ਨਿਰੰਤਰ ਜਾਰੀ ਨਹੀਂ ਹੈ? ਕੋਈ ਵੀ ਉਸ ਤੋਂ ਬਚ ਨਹੀਂ ਸਕਦਾ ਹੈ। ਇੱਥੋਂ ਤਕ ਕਿ ਜੇਕਰ ਕੋਈ ਪਹਿਲੇ ਤਿੰਨਾਂ ਘੋੜ ਸਵਾਰਾਂ ਤੋਂ ਬਚ ਵੀ ਜਾਵੇ ਤਾਂ ਵੀ ਕੁੱਲੇ (ਪੀਲੇ) ਘੋੜੇ ਤੋਂ ਕੋਈ ਵੀ ਬਚ ਨਹੀਂ ਸਕਦਾ ਹੈ (ਇਬਰਾਨੀਆਂ 9:27) ।

ਅਸਲ ਵਿਚ, ਚਾਰ ਘੋੜ ਸਵਾਰ ਹੁਣ ਵੀ ਸਵਾਰੀ ਕਰ ਰਹੇ ਹਨ। 1980 ਦੇ ਦਸ਼ਕ ਵਿਚ, ਅਰਲ ਪਾਰਮਰ ਨੇ ਇਹ ਸਿੱਟਾ ਕੱਢਿਆ ਕਿ ਉਹ "ਬੇਵਕਤ ਆਉਣ ਵਾਲੇ ਭੂਤ ਹਨ," ਅਤੇ ਸਿਰਫ ਉਨ੍ਹਾਂ ਦੇ ਕੰਮ ਕਰਨ ਦਾ ਤਰੀਕਾ ਬਦਲਿਆ ਹੈ:

> ਪਹਿਲੀ ਸਦੀ ਵਿਚ ਆਪਣਾ ਸ਼ਿਕਾਰ ਕਰਨ ਵਾਲੇ ਤੀਰਅੰਦਾਜ਼ ਇਸ ਸਦੀ ਵਿਚ ਅੰਤਰ ਮਹਾਂਦੀਪੀ ਬਲਾਸਟਿਕ ਮਿਜ਼ਾਇਲ ਦਾ ਇਸਤੇਮਾਲ ਕਰਦੇ ਹਨ। ਯੁੱਧ ਦੇ ਰਥਾਂ ਦਾ ਸਵਾਰ ਵੀਹਵੀਂ ਸਦੀ ਦੇ ਅੰਤਿਮ [ਦਿਨਾਂ] ਵਿਚ ਉੱਚ ਗਤੀ ਦੇ ਟੈਂਕਾਂ, ਹੈਲੀਕਪਟਰਾਂ, ਅਤੇ ਸ਼ਹਿਰ ਦੀਆਂ ਗਲੀਆਂ ਵਿਚ ਅੱਤਵਾਦੀਆਂ ਉੱਤੇ ਅਚਾਨਕ ਹਮਲੇ ਕਰਦੇ ਹਨ। ਸਿਰਫ ਅਕਾਲ ਅਤੇ ਮੌਤ ਉਹੀ ਹਨ। [ਐਗਰੀਕਲਚਰਲ] ਪਹਿਲੀ ਸਦੀ ਵਿਚਲਾ ਇੱਕ ਭੁੱਖਾ ਮਰ ਰਿਹਾ ਬੱਚਾ ਵੀਹਵੀਂ ਸਦੀ ਦੇ ਉਦਯੋਗਿਕ ਯੁੱਗ ਦੇ ਭੁੱਖ ਨਾਲ ਮਰ ਰਹੇ ਬੱਚੇ ਦੇ ਸਮਾਨ ਹੀ ਦਿਖਦਾ ਹੈ।[43]

ਇੱਕ ਪ੍ਰਸ਼ਨ ਉੱਠਦਾ ਹੈ – ਜੋ ਪ੍ਰਸ਼ਨ ਜ਼ਰੂਰ ਯੂਹੰਨਾ ਦੇ ਦਿਨਾਂ ਵਿਚ ਵੀ ਉੱਠਿਆ ਸੀ: *"ਪਰਮੇਸ਼ੁਰ ਉਨ੍ਹਾਂ ਨੂੰ ਸਵਾਰੀ ਕਰਨ ਦੀ ਇਜਾਜ਼ਤ ਕਿਉਂ ਕਰਨ ਦਿੰਦਾ ਹੈ?"* ਪਰਮੇਸ਼ੁਰ ਬਿਨਾਂ ਕਿਸੇ ਉਦੇਸ਼ ਤੋਂ ਕੁਝ ਵੀ ਨਹੀਂ ਕਰਦਾ ਹੈ। ਪਰਮੇਸ਼ੁਰ ਚਾਰ ਘੋੜਸਵਾਰਾਂ ਦੇ ਦਰਸ਼ਣ ਦੇ ਦੁਆਰਾ ਕੀ ਗੱਲਬਾਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ?

ਇੱਕ ਸੱਚਾਈ ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਜਾਣੀਏ ਉਹ ਇਹ ਕਿ, ਜਿੱਥੋਂ ਤਕ ਇਸ ਸੰਸਾਰ ਦਾ ਸਵਾਲ ਹੈ, ਭਵਿੱਖ ਹਮੇਸ਼ਾ ਦੁੱਖ ਭਰੀਆਂ ਘਟਨਾਵਾਂ ਦੇ ਨਾਲ ਭਰਿਆ ਰਹੇਗਾ। ਟੋਮੀ ਸਾਊਥ ਨੇ ਲਿਖਿਆ ਹੈ, "ਕੁਝ ਲੋਕ ਹਮੇਸ਼ਾ ਯੂਟੋਪਿਆ, ਸ਼ਾਂਤੀ ਅਤੇ ਅਮਨ ਦੇ ਯੁੱਗ 'ਧਰਤੀ ਉੱਤੇ ਇੱਕ ਸਵਰਗ,' 'ਇੱਕ ਸੁਨਿਹਰੇ ਯੁੱਗ' ਦੀ ਰਾਹ ਵੇਖਦੇ ਰਹਿੰਦੇ ਹਨ। ਪਹਿਲੀਆਂ ਚਾਰ ਮੋਹਰਾਂ ਨੇ ਇਸ ਗੱਲ ਦੀ ਜ਼ੋਰਦਾਰ ਘੋਸ਼ਣਾ ਕੀਤੀ ਹੈ ਕਿ ਅਜਿਹਾ ਕਦੀ ਵੀ ਨਹੀਂ ਹੋਵੇਗਾ। ਸਵਰਗ *ਸਵਰਗ ਵਿਚ* ਹੀ ਹੋਵੇਗਾ, ਅਤੇ ਇੱਕ ਮਿੰਟ ਵੀ ਪਹਿਲਾਂ ਨਹੀਂ ਹੋਵੇਗਾ।"[44]

ਸਾਡੇ ਆਲੇ ਦੁਆਲੇ ਦੇ ਦੁੱਖ ਇਸ ਗੱਲ ਦਾ ਸਬੂਤ ਹਨ ਕਿ ਅਸੀਂ ਇੱਕ ਪਾਪ ਨਾਲ ਭਰੇ ਹੋਏ ਸੰਸਾਰ ਵਿਚ ਰਹਿੰਦੇ ਹਾਂ। ਪਹਿਲਾ ਪਾਪ ਕੰਡਿਆਂ ਅਤੇ ਕੰਡਿਆਲਿਆਂ, ਮੁੜ੍ਹਕੇ ਅਤੇ

ਮੁਸੀਬਤਾਂ ਨੂੰ ਲਿਆਇਆ ਸੀ (ਉਤਪਤ 3:16-19) । ਮਨੁੱਖ ਦੇ ਪਾਪਪੁਣੇ ਨੇ ਧਰਤੀ ਉੱਤੇ ਲਗਾਤਾਰ ਮਹਾਂਮਾਰੀ ਨੂੰ ਜਾਰੀ ਰੱਖਿਆ। ਮੇਟਜ਼ਰ ਨੇ ਲਿਖਿਆ:

> ਪਰਮੇਸ਼ੁਰ ਅਕਾਲ ਅਤੇ ਮੌਤ ਅਤੇ ਨਰਕ ਨੂੰ ਮਨਜ਼ੂਰ ਨਹੀਂ ਕਰਦਾ ਹੈ, ਪਰ ਇਹ ਉਹ ਚੀਜ਼ਾਂ ਹਨ ਜੋ ਜ਼ਰੂਰ ਆਉਣਗੀਆਂ ਜੇਕਰ ਲੋਕ ਲਗਾਤਾਰ ਪਰਮੇਸ਼ੁਰ ਦੇ ਸ਼ਾਸਨ ਦਾ ਵਿਰੋਧ ਕਰਨਾ ਜਾਰੀ ਰੱਖਦੇ ਹਨ . . . । ਦੁਨਿਆਵੀ ਕਾਨੂੰਨਾਂ ਨੂੰ ਅਣਦੇਖਾ ਕਰਨਾ, ਚੱਟਾਨ ਨੂੰ ਹਟਾਉਣ ਦੇ ਅਤੇ ਮੁਸੀਬਤ ਦਾ ਪਿੱਛਾ ਕਰਨ ਦੇ ਸਮਾਨ ਹੈ। ਉਸੇ ਪ੍ਰਕਾਰ ਨੈਤਿਕ ਕਾਨੂੰਨਾਂ ਦੀ ਅਣਦੇਖੀ ਮੁਸੀਬਤ ਨੂੰ ਨਿਸ਼ਚਤ ਕਰਦੀ ਹੈ . . . । ਪਰਮੇਸ਼ੁਰ ਸੰਕਟਾਂ ਨੂੰ ਨਹੀਂ ਚਾਹੁੰਦਾ ਹੈ, ਪਰ ਜਦੋਂ ਤਕ ਅਸੀਂ ਮੁਕਤ ਏਜੰਟ ਹਾਂ ਉਦੋਂ ਤਕ ਪਰਮੇਸ਼ੁਰ ਉਨ੍ਹਾਂ ਦੀ ਇਜਾਜ਼ਤ ਦਿੰਦਾ ਹੈ।[45]

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਇਸ ਗੱਲ ਨੂੰ ਸਮਝੀਏ ਕਿ, ਭਾਵੇਂ ਅਸੀਂ ਵਿਸ਼ਵਾਸਯੋਗ ਹਾਂ, ਤਾਂ ਵੀ ਸਾਨੂੰ ਦੁੱਖਾਂ ਦਾ ਸਾਹਮਣਾ ਕਰਨਾ ਪਵੇਗਾ। ਅੱਜ ਦੇ "ਸਿਹਤ-ਅਤੇ-ਦੌਲਤ" ਦੇ ਨਬੀਆਂ ਦਾ ਕਹਿਣਾ ਹੈ ਕਿ ਸੱਚੇ ਵਫਾਦਾਰ ਲੋਕ ਜੀਵਨ ਦੀਆਂ ਮੁਸ਼ਕਲਾਂ ਤੋਂ ਮੁਕਤ ਹਨ। ਉਹ ਆਪਣੇ ਚੇਲਿਆਂ ਦੇ ਨਾਲ ਪੂਰਣ ਸਿਹਤ ਅਤੇ ਆਰਥਿਕ ਸੁਰੱਖਿਆ ਦਾ ਵਾਇਦਾ ਕਰਦੇ ਹਨ। ਆਮ ਤੌਰ ਤੇ, ਇਨ੍ਹਾਂ ਸਿੱਖਿਅਕਾਂ ਦੇ ਚੇਲੇ ਬਣਨ ਦੇ ਲਈ ਕਾਫੀ ਜ਼ਿਆਦਾ ਦਾਨ ਦੇਣੇ ਪੈਂਦੇ ਹਨ। ਪਰੀਖਿਆਵਾਂ ਦੇ ਸੰਬੰਧ ਵਿਚ, ਉਨ੍ਹਾਂ ਦਾ ਸੰਦੇਸ਼ ਹੈ ਕਿ "ਕੋਈ ਦੁੱਖ ਨਹੀਂ," ਜਦਕਿ ਯਿਸੂ ਦਾ ਸੰਦੇਸ਼ ਸੀ "ਕੋਈ ਹੈਰਾਨੀ ਨਹੀਂ।" ਯਿਸੂ ਨੇ "ਝੂਠੇ ਨਬੀਆਂ" ਦੇ ਵਿਸ਼ੇ ਵਿਚ ਕਿਹਾ ਹੈ ਕਿ ਉਹ ਉੱਠਣਗੇ ਅਤੇ "ਬਹੁਤਿਆਂ ਨੂੰ ਭੁਲਾਵੇ ਵਿਚ" ਪਾ ਦੇਣਗੇ (ਮੱਤੀ 24:11)। ਯੂਹੰਨਾ ਨੇ ਕਿਹਾ ਕਿ "ਬਾਹਲੇ ਝੂਠੇ ਨਬੀ ਸੰਸਾਰ ਵਿੱਚ ਨਿੱਕਲ ਆਏ ਹਨ" (1 ਯੂਹੰਨਾ 4:1)। ਉਹ ਲੋਕ ਜੋ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਵਿਸ਼ਵਾਸੀਆਂ ਦੇ ਲਈ ਕੋਈ ਮੁਸੀਬਤਾਂ ਨਹੀਂ ਹਨ ਉਹ ਇਸ ਗੱਲ ਦਾ ਸਬੂਤ ਹਨ ਕਿ ਯਿਸੂ ਅਤੇ ਯੂਹੰਨਾ ਨੇ ਸੱਚ ਕਿਹਾ ਹੈ। ਬਾਈਬਲ ਸਾਨੂੰ ਪਰਮੇਸ਼ੁਰ ਵਿਸ਼ਵਾਸੀ ਅੱਯੂਬ ਅਤੇ ਲਾਜ਼ਰ ਦੀ ਕਹਾਣੀ ਦੱਸਦੀ ਹੈ ਜੋ ਟੁਕੜਿਆਂ ਦੇ ਲਈ ਜੂਝ ਰਿਹਾ ਸੀ ਅਤੇ ਹੋਰ ਵਿਸ਼ਵਾਸਯੋਗ ਲੋਕਾਂ ਦੇ ਦੁੱਖਾਂ ਦੀਆਂ ਹੋਰ ਸੈਂਕੜੇ ਉਦਾਹਰਣਾਂ ਦਿੰਦੀ ਹੈ।

> ਸੱਚਾਈ ਇਹ ਹੈ, ਕਿ ਮਸੀਹੀ ਆਤਮਿਕ ਪਾਣੀ ਦੀ ਕਬਰ ਤੋਂ ਦੁਨਿਆਵੀ ਸ਼ਾਂਤੀ ਅਤੇ ਦੌਲਤ ਦੇ ਸੰਸਾਰ ਦੇ ਵਿਚ ਨਹੀਂ ਆਉਂਦੇ ਹਨ। ਸਰੀਰਕ ਪ੍ਰਾਣੀ ਹੋਣ ਦੇ ਨਾਤੇ, ਸਾਨੂੰ ਹਰ ਰੋਜ਼ ਦੇ ਸਾਰੇ ਦੁੱਖਾਂ, ਦੁਨੀਆਂ ਦੀਆਂ ਭਿਆਨਕ ਘਟਨਾਵਾਂ, ਬੀਮਾਰੀਆਂ ਅਤੇ ਮੌਤ ਦਾ ਸਾਹਮਣਾ ਕਰਨਾ ਪਵੇਗਾ ਜਿਨ੍ਹਾਂ ਦਾ ਸਾਹਮਣਾ ਬਾਕੀ ਸਾਰੀ ਮਨੁੱਖ ਜਾਤੀ ਕਰਦੀ ਹੈ . . . ।[46]

ਸਾਰੇ ਲੋਕਾਂ ਦੀਆਂ ਗੜਬੜੀਆਂ, ਪਰੀਖਿਆਵਾਂ ਅਤੇ ਕਲੇਸ਼ ਬਹੁਤ ਸਾਰੇ ਹਨ, ਪਰ *ਮਸੀਹੀਆਂ* ਨੂੰ ਦੁੱਗਣਾ ਹਿੱਸਾ ਪ੍ਰਾਪਤ ਹੁੰਦਾ ਹੈ: ਮਸੀਹ ਦੇ ਪਿੱਛੇ ਚੱਲਣ ਵਾਲਿਆਂ ਨੂੰ ਸਿਰਫ ਜੀਵਨ ਦੀ ਸਧਾਰਣ ਉੱਥਲ – ਪੁੱਥਲ ਦਾ ਸਾਹਮਣਾ ਹੀ ਕਰਨਾ ਪੈਂਦਾ ਹੈ ਪਰ ਆਪਣੇ ਵਿਸ਼ਵਾਸ ਦੇ ਕਾਰਣ ਉਨ੍ਹਾਂ ਨੂੰ ਅਕਸਰ ਗਲਤ ਸਮਝਿਆ ਜਾਂਦਾ ਅਤੇ ਸਤਾਇਆ ਜਾਂਦਾ ਹੈ। ਚਾਰ ਘੋੜ ਸਵਾਰਾਂ ਦਾ ਦਰਸ਼ਣ ਇਸ ਗੱਲ ਦਾ ਸਬੂਤ ਹੈ ਕਿ ਯਿਸੂ ਦਾ ਚੇਲਾ ਬਣਨਾ ਸੌਖਾ ਕੰਮ ਨਹੀਂ ਹੈ।

ਘੋੜਿਆਂ ਦੀ ਭੱਜ-ਦੌੜ ਦੀ ਧਾਰਣਾ ਅਤੇ ਜੋ ਦਹਿਸ਼ਤ ਉਹ ਫੈਲਾਉਂਦੇ ਹਨ ਉਸ ਦਾ ਬਿਆਨ ਕਰਨਾ ਮੁਸ਼ਕਲ ਹੈ। ਕੁਝ ਲੋਕਾਂ ਨੇ ਭੱਜ – ਦੌੜ ਨੂੰ ਵੇਖਿਆ ਹੈ, ਪਰ ਬਹੁਤ ਹੀ ਘੱਟ ਲੋਕ ਇਸ ਵਿਚ ਇੱਕ ਵਾਰ ਫਸ ਚੁੱਕੇ ਹਨ। ਸ਼ਾਇਦ ਹੇਠਾਂ ਦਿੱਤੀ ਉਦਾਹਰਣ ਤੋਂ ਮਦਦ ਮਿਲੇਗੀ:

ਸਾਡੇ ਵਿਚੋਂ ਜ਼ਿਆਦਾਤਰ ਲੋਕ ਜਾਣਦੇ ਹਨ ਜਦੋਂ ਇੱਕ ਰੇਲ ਗੱਡੀ ਆ ਰਹੀ ਹੋਵੇ ਤਾਂ ਉਸ ਦੀ ਪੱਟੜੀ ਉੱਤੇ ਖੜੇ ਰਹਿਣ ਦਾ ਖਤਰਾ ਕੀ ਹੁੰਦਾ ਹੈ। ਹੁਣ ਕਲਪਨਾ ਕਰੋ ਕਿ ਅਸੀਂ ਆਪਣੇ ਆਪ ਨਾਲ ਸੌਂਹ ਖਾਧੀ ਹੈ ਕਿ ਅਸੀਂ ਪੱਟੜੀ ਉੱਤੇ ਹੀ ਖੜੇ ਰਹਿਣਾ ਹੈ, ਭਾਵੇਂ ਕੁਝ ਵੀ ਕਿਉਂ ਨਾ ਹੋ ਜਾਵੇ। ਹੁਣ ਕਲਪਨਾ ਕਰੋ ਕਿ ਜਦੋਂ ਅਸੀਂ ਪੱਟੜੀ ਉੱਤੇ ਖੜੇ ਹੋਏ ਵਿਸ਼ਾਲ ਇੰਜਣ ਨੂੰ ਆਪਣੇ ਆਪ ਉੱਤੇ ਚੜਿਆ ਆਉਂਦਾ ਵੇਖਦੇ ਹਾਂ, ਅਤੇ ਪਹੀਆਂ ਦੀ ਅਵਾਜ਼ ਅਤੇ ਸੀਟੀ ਦੀ ਅਵਾਜ਼ ਨੂੰ ਸੁਣਦੇ ਹਾਂ ਤਾਂ ਸਾਨੂੰ ਕਿਸ ਤਰ੍ਹਾਂ ਦਾ ਮਹਿਸੂਸ ਹੋਵੇਗਾ। ਇਹ ਭਾਵਨਾ ਲਗਭਗ ਉਸੇ ਪ੍ਰਕਾਰ ਦੀ ਹੋਵੇਗੀ ਜਿਸ ਨੂੰ ਪੁਰਾਤਨ ਸਮੇਂ ਦੇ ਲੋਕਾਂ ਨੇ ਮਹਿਸੂਸ ਕੀਤਾ ਸੀ ਜਦੋਂ ਉਨ੍ਹਾਂ ਘੋੜਿਆਂ ਦੀ ਭਗਦੜ ਨੂੰ ਆਪਣੇ ਵੱਲ ਆਉਂਦੇ ਵੇਖਿਆ ਅਤੇ ਉਨ੍ਹਾਂ ਦੇ ਲੁੱਕਣ ਦੇ ਲਈ ਕੋਈ ਸਥਾਨ ਨਹੀਂ ਸੀ।

ਜਿਹੜੀ ਮੁੱਖ ਸੱਚਾਈ ਪਰਮੇਸ਼ੁਰ ਚਾਹੁੰਦਾ ਸੀ ਕਿ ਮਸੀਹੀ ਲੋਕ ਪਹਿਲੀਆਂ ਚਾਰ ਮੋਹਰਾਂ ਤੋਂ ਸਿੱਖਣ ਉਹ ਇਹ ਹੈ ਕਿ ਉਹ ਹਮੇਸ਼ਾ ਆਪਣੇ ਦੁਖੀ ਬੱਚਿਆਂ ਤੇ ਤਰਸ ਕਰਦਾ ਹੈ। ਸਾਡੇ ਵਿਚੋਂ ਵਧੇਰੇ ਲੋਕ ਪਹਿਲਾਂ ਤੋਂ ਹੀ ਜਾਣਦੇ ਹਨ ਕਿ ਇਹ ਸੰਸਾਰ ਦੁੱਖਾਂ ਦੇ ਭਰਿਆ ਹੋਇਆ ਹੈ ਅਤੇ ਇਹ ਕਿ ਉਨ੍ਹਾਂ ਮੁਸ਼ਕਲਾਂ ਦੇ ਵਿਚੋਂ ਕੁਝ ਸਾਡੇ ਜੀਵਨ ਵਿਚ ਆਉਣ ਦੇ ਲਈ ਠਹਿਰਾਈਆਂ ਹੋਈਆਂ ਹਨ। ਸਾਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਜਦੋਂ ਮੁਸੀਬਤਾਂ ਆਉਂਦੀਆਂ ਹਨ ਤਾਂ ਪਰਮੇਸ਼ੁਰ ਸਾਨੂੰ ਇਕੱਲਾ ਨਹੀਂ ਛੱਡਦਾ ਹੈ।

ਇੱਕ ਕਾਰਣ ਕਿ ਪਰਮੇਸ਼ੁਰ ਚਾਰ ਘੋੜ ਸਵਾਰਾਂ ਨੂੰ ਸਵਾਰੀ ਕਰਨ ਦਿੰਦਾ ਹੈ ਇਹ ਹੈ ਕਿ ਉਹ ਸਾਨੂੰ ਇਸ ਗੱਲ ਲਈ ਪ੍ਰਭਾਵਿਤ ਕਰਨਾ ਚਾਹੁੰਦਾ ਹੈ ਕਿ ਸਾਨੂੰ ਉਸ ਦੀ ਲੋੜ ਹੈ – ਤਾਂ ਕਿ ਉਹ ਸਾਨੂੰ ਆਪਣੇ ਵੱਲ ਮੁੜਣ ਦੇ ਲਈ ਪ੍ਰੇਰਿਤ ਕਰ ਸਕੇ। ਸ਼ਤਾਨ ਇਸ ਤੋਂ ਉਲਟ ਕਾਰਣ ਦੇ ਲਈ ਚਾਰ ਘੋੜ ਸਵਾਰਾਂ ਦਾ ਇਸਤੇਮਾਲ ਕਰਦਾ ਹੈ: ਲੋਕਾਂ ਨੂੰ ਪਰਮੇਸ਼ੁਰ ਤੋਂ ਦੂਰ ਕਰਨ ਦੇ ਲਈ। ਸ਼ਤਾਨ ਦੀ ਸਫਲਤਾ ਦੀ ਇੱਕ ਉਦਾਹਰਣ ਨੂੰ ਸਭ ਤੋਂ ਮਸ਼ਹੂਰ ਤਰਕ ਵਿੱਚ ਵੇਖਿਆ ਜਾ ਸਕਦਾ ਹੈ ਜੋ ਇਹ "ਸਾਬਤ" ਕਰਨ ਦੇ ਲਈ ਹੈ ਕਿ ਪਰਮੇਸ਼ੁਰ ਦੀ ਹੋਂਦ ਨਹੀਂ ਹੈ: ਝੂਠਾ-ਗਿਆਨੀ ਪੁੱਛਦਾ ਹੈ, "ਜੇਕਰ ਪਰਮੇਸ਼ੁਰ ਮੌਜੂਦ ਹੈ," ਤਾਂ "ਦੁਨੀਆਂ ਵਿਚ ਇੰਨਾ ਦੁੱਖ ਕਿਉਂ ਹੈ?" ਇਸ ਤਰਕ ਦੀ ਲੋਕਪ੍ਰਿਯਤਾ ਦੇ ਬਾਵਜੂਦ, ਇਹ ਉਸ ਪ੍ਰਸ਼ਨ ਦਾ ਉੱਤਰ ਨਹੀਂ ਹੈ। ਅਸਲ ਵਿਚ ਇਹ ਪਰਮੇਸ਼ੁਰ ਦੀ *ਹੋਂਦ* ਦੀ ਬਜਾਇ ਪਰਮੇਸ਼ੁਰ ਦੇ *ਸੁਭਾਅ* ਦੇ ਵਿਸ਼ੇ ਵਿਚ ਹੈ। ਮਸੀਹੀ ਸਬੂਤਾਂ ਦੀਆਂ ਸਧਾਰਣ ਪੁਸਤਕਾਂ ਇਸ ਅਤੇ ਇਸ ਵਰਗੇ ਹੋਰਨਾਂ ਸਬੂਤਾਂ ਦੇ ਨਾਲ ਨਜਿੱਠਦੀਆਂ ਹਨ।

ਜਿੱਥੋਂ ਤਕ ਜਨਤਾ ਦਾ ਸਵਾਲ ਹੈ, ਹਾਲਾਂਕਿ, ਸ਼ਤਾਨ ਬਹੁਤ ਬਰੀਕੀ ਦੇ ਨਾਲ ਸਵਾਰਾਂ ਦਾ ਇਸਤੇਮਾਲ ਕਰਦਾ ਹੈ: ਉਹ ਉਸ ਤਬਾਹੀ ਦਾ ਇਸਤੇਮਾਲ ਕਰਦਾ ਹੈ ਜੋ ਚਾਰ ਘੋੜ ਸਵਾਰਾਂ ਦੇ ਕਾਰਣ ਹੁੰਦੀ ਹੈ ਤਾਂ ਕਿ ਲੋਕਾਂ ਦੇ ਧਿਆਨ ਨੂੰ ਧਰਤੀ ਦੀਆਂ ਮੁਸੀਬਤਾਂ ਦੇ ਵੱਲ ਖਿੱਚ ਸਕੇ। ਇਸ ਰਣਨੀਤਿ ਦੇ ਵਿਸ਼ੇ ਵਿਚ, ਏਲਡ੍ਰੇਡ ਇਕੋਲਸ ਨੇ ਲਿਖਿਆ,

> ਇਸ ਗੱਲ ਨੂੰ ਜਾਣਦੇ ਹੋਏ ਕਿ ਅਸੀਂ ਸਰੀਰਿਕ ਪ੍ਰਾਣੀ ਹਾਂ, ਉਹ ਹਰੇਕ ਦੁਨਿਆਵੀ ਤਰੀਕੇ ਦਾ ਇਸਤੇਮਾਲ ਕਰਦਾ ਹੈ ਤਾਂ ਕਿ ਸਾਨੂੰ ਆਤਮਿਕ ਤੌਰ ਤੇ ਸਾਵਧਾਨ ਰਹਿਣ ਤੋਂ ਰੋਕ ਸਕੇ। ਉਹ ਸਰੀਰਿਕ ਤੌਰ ਤੇ ਸਾਡੇ ਉੱਤੇ ਹਮਲਾ ਕਰਦਾ ਹੈ ਅਤੇ ਸਾਡਾ ਧਿਆਨ ਭੁੱਖਮਰੀ, ਬੀਮਾਰੀ, ਅਕਾਲ, ਵਾਤਾਵਰਣ ਆਦਿ ਤੇ ਲਗਾਉਂਦਾ ਹੈ। ਉਹ ਸਾਡੇ ਧਿਆਨ ਨੂੰ ਉਸ ਤੋਂ ਵੱਧ ਕੇ ਮਹੱਤਵਪੂਰਣ *ਆਤਮਿਕ ਯੁੱਧ* ਤੋਂ ਹਟਾਉਂਦਾ ਹੈ [ਅਰਥਾਤ, ਜੋ ਯੁੱਧ ਅਸੀਂ ਲੜ ਰਹੇ ਹਾਂ]।[47]

ਵਿਸ਼ਵਾਸੀਆਂ ਦੇ ਵਿਰੁੱਧ ਆਪਣੀ ਲੜਾਈ ਦੇ ਵਿਚ, ਸ਼ਤਾਨ ਇਸ ਰਣਨੀਤਿ ਨੂੰ ਹੋਰ ਵੀ

ਇੱਕ ਕਦਮ ਅੱਗੇ ਲੈ ਜਾਂਦਾ ਹੈ। ਜਦੋਂ ਅਸੀਂ ਆਪਣੇ ਜੀਵਨਾਂ ਦੇ ਨਾਲ ਟਕਰਾਓ ਦੇ ਰਾਹ ਤੇ ਘੋੜਿਆਂ ਨੂੰ ਪਾਉਂਦੇ ਹਾਂ, ਤਾਂ ਸ਼ਤਾਨ ਸਾਡੇ ਕੰਨਾਂ ਵਿਚ ਫੁਸਫੁਸਾਉਂਦਾ ਹੈ, "ਇਨ੍ਹਾਂ ਨਿਰਦਈ ਦਰਿੰਦਿਆਂ ਅਤੇ ਉਨ੍ਹਾਂ ਦੇ ਸਵਾਰਾਂ ਦੇ ਉੱਤੇ ਆਪਣੇ ਧਿਆਨ ਨੂੰ ਕੇਂਦ੍ਰਿਤ ਕਰੋ। ਉਨ੍ਹਾਂ ਦੇ ਅੱਤਿਆਚਾਰੀ ਹੜ੍ਹ ਨੂੰ ਆਪਣੇ ਦਿਲ ਅਤੇ ਦਿਮਾਗ ਦੇ ਵਿਚ ਰੱਖ ਲਓ। ਉਨ੍ਹਾਂ ਨੂੰ ਨਿਰਾਸ਼ਾ ਅਤੇ ਨਾਉਮੀਦੀ ਵਿਚ ਆਪਣੇ ਅੰਦਰ ਭਗਦੜ ਕਰਨ ਦਿਓ!" ਪੀਟਰਸਨ ਨੇ ਲਿਖਿਆ,

> ਜਦੋਂ ਅਸੀਂ ਕਿਸੇ ਵੀ ਰੂਪ ਵਿਚ ਬੁਰਾਈ ਦਾ ਅਨੁਭਵ ਕਰਦੇ ਹਾਂ ਤਾਂ ਇਹ ਪੂਰੀ ਰੀਤਿ ਦੇ ਨਾਲ ਮਹਿਸੂਸ ਹੁੰਦੀ ਹੈ। ਇਹ ਬਾਕੀ ਹਰ ਇੱਕ ਚੀਜ਼ ਨੂੰ ਮਿਟਾ ਦਿੰਦਾ ਹੈ। ਇੱਕ ਦੰਦ ਦਾ ਦਰਦ ਸਰੀਰ ਦੇ ਬਾਕੀ ਹਰ ਅੰਗ ਦੀ ਅਰੋਗਤਾ ਦੀ ਜਾਗਰੂਕਤਾ ਨੂੰ ਮਿਟਾ ਦਿੰਦਾ ਹੈ। ਪੈਰ ਦੀ ਇੱਕ ਜ਼ਖਮੀ ਉਂਗਲੀ ਇਸ ਤੱਥ ਦੀ ਪ੍ਰਸ਼ੰਸਾ ਕਰਨ ਨੂੰ ਅਸੰਭਵ ਬਣਾ ਦਿੰਦੀ ਹੈ ਕਿ ਮੇਰੀ ਅਰਕ ਆਸਾਨੀ ਦੇ ਨਾਲ ਝੁਕ ਜਾਂਦੀ ਹੈ।[48]

ਜੇਕਰ ਅਸੀਂ ਸਾਵਧਾਨ ਨਹੀਂ ਹੁੰਦੇ ਹਾਂ, ਤਾਂ ਜਦੋਂ ਗੰਭੀਰ ਸਮੱਸਿਆਵਾਂ ਸਾਡੇ ਰਾਹ ਵਿਚ ਆਉਂਦੀਆਂ ਹਨ, ਤਾਂ ਅਸੀਂ ਉਨ੍ਹਾਂ ਵਿਚ ਇੰਨਾ ਧੱਸ ਜਾਂਦੇ ਹਾਂ ਕਿ ਹੋਰ ਸਭ ਤੋਂ ਕਾਸੇ ਤੋਂ ਧਿਆਨ ਹਟਾ ਲੈਂਦੇ ਹਾਂ: ਅਸੀਂ ਜੀਵਨ ਵਿਚ ਭਲਾਈ ਤੋਂ, ਹੋਰ ਲੋੜਮੰਦ ਲੋਕਾਂ ਤੋਂ, ਅਤੇ ਇੱਥੋਂ ਤਕ ਕਿ ਆਪਣੇ ਪਰਮੇਸ਼ੁਰ ਤੋਂ ਵੀ ਜੋ ਸਾਨੂੰ ਪਿਆਰ ਕਰਦਾ ਹੈ, ਆਪਣੀ ਨਿਗਾਹ ਨੂੰ ਹਟਾ ਸਕਦੇ ਹਾਂ।

ਅਕਤੂਬਰ 1993 ਇਸ਼ੂ ਆਫ਼ *ਲਾਇਫ* ਮੈਗਜ਼ੀਨ ਵਿਚ ਜੇਨਸਨ ਨਾਮ ਦੇ ਇੱਕ ਲੜਕੇ ਦੀ ਤਸਵੀਰ ਸੀ ਜੋ ਬਾਂਸੁਰੀ ਵਜਾ ਰਿਹਾ ਸੀ। ਉਸ ਦੇ ਲੰਬੇ ਹਨੇਰੇ ਬੈਂਗਜ਼ ਦੇ ਹੇਠਾਂ ਜਿੱਥੇ ਉਸ ਦੀਆਂ ਅੱਖਾਂ ਹੋਣੀਆਂ ਚਾਹੀਦੀਆਂ ਸਨ ਉੱਥੇ ਸਿਰਫ ਖਾਲੀ ਟੋਏ ਸਨ। ਅੰਨ੍ਹੇਪਣ ਤੇ ਅਫ਼ਸੋਸ ਕੀਤਾ ਜਾਣਾ ਚਾਹੀਦਾ ਹੈ; ਭਾਵੇਂ ਉਸ ਦਾ ਕਾਰਣ ਕੁਝ ਵੀ ਕਿਉਂ ਨਾ ਹੋਵੇ, ਪਰ, ਬੋਗੋਟਾ ਕੋਲੰਬੀਆ ਵਿਚ, ਜੇਨਸਨ ਦਾ ਸਭ ਤੋਂ ਵਧੇਰੇ ਦੁੱਖ ਭਰਿਆ ਅਨੁਭਵ ਸੀ। ਜਦੋਂ ਉਹ ਦਸਾਂ ਮਹੀਨਿਆਂ ਦਾ ਸੀ, ਉਸ ਨੂੰ ਗੰਭੀਰ ਦਸਤ ਲੱਗਣ ਦੇ ਕਾਰਣ ਉਸ ਦੀ ਮਾਂ ਉਸ ਨੂੰ ਹਸਪਤਾਲ ਵਿਚ ਲੈ ਗਈ ਸੀ। ਜਦੋਂ ਉਹ ਅਗਲੇ ਦਿਨ ਵਾਪਸ ਆਈ, ਤਾਂ ਉਸ ਦੀਆਂ ਅੱਖਾਂ ਪੱਟੀਆਂ ਦੇ ਨਾਲ ਢੱਕੀਆਂ ਪਈਆਂ ਸਨ, ਅਤੇ ਉਸ ਦੇ ਸਰੀਰ ਉੱਤੇ ਸੁੱਕੇ ਹੋਏ ਖ਼ੂਨ ਦੇ ਛਿੱਟੇ ਪਏ ਹੋਏ ਸਨ। ਉਹ ਜਲਦੀ ਦੇ ਨਾਲ ਉਸ ਨੂੰ ਦੂਸਰੇ ਹਸਪਤਾਲ ਦੇ ਵਿਚ ਲੈ ਗਈ, ਜਿੱਥੇ ਉਸ ਨੂੰ ਦੱਸਿਆ ਗਿਆ ਕਿ ਕਿਸੇ ਨੇ ਉਸ ਦੀਆਂ ਅੱਖਾਂ ਚੋਰੀ ਕਰ ਲਈਆਂ ਹਨ। ਕਿੰਨੀ ਦੁੱਖ ਦੀ ਗੱਲ ਹੈ! ਕੋਲੰਬਿਆ ਦੇ ਅੰਗ ਚੋਰੀ ਕਰਨ ਵਾਲੇ ਚੋਰਾਂ ਦੇ ਵਰਣਨ ਤੋਂ ਵੀ ਕਿਤੇ ਵੱਧ ਦੁੱਖ ਭਰਿਆ ਕੁਝ ਹੈ: ਇੱਥੇ ਇੱਕ ਅਜਿਹਾ ਹੈ ਜੋ *ਆਤਮਿਕ* ਨਜ਼ਰ ਨੂੰ ਚੋਰੀ ਕਰਦਾ ਹੈ, ਜੋ ਅਸਲੀਅਤ ਵਿਚ ਜ਼ਰੂਰੀ ਹੈ ਉਸ ਨੂੰ ਸਮਝਣ ਦੀ ਯੋਗਤਾ ਨੂੰ ਚੋਰੀ ਕਰਦਾ ਹੈ, ਅਤੇ ਸਾਡੇ ਜੀਵਨ ਵਿਚ ਆਉਣ ਵਾਲੀਆਂ ਮੁਸੀਬਤਾਂ ਦੇ ਸਮੇਂ ਪਰਮੇਸ਼ੁਰ ਦੇ ਹੱਥ ਨੂੰ ਵੇਖਣ ਦੀ ਯੋਗਤਾ ਚੋਰੀ ਕਰ ਲੈਂਦਾ ਹੈ। ਉਹ ਹੈ ਸ਼ਤਾਨ![49] ਪਰਮੇਸ਼ੁਰ ਦਾ ਧੰਨਵਾਦ ਹੋਵੇ, "ਅਸੀਂ ਉਸ ਦਿਆਂ ਚਾਲਿਆਂ ਤੋਂ ਅਣਜਾਣ ਨਹੀਂ" (2 ਕੁਰਿੰਥੀਆਂ 2:11)। ਸ਼ਤਾਨ ਨੂੰ ਇਜਾਜ਼ਤ ਨਾ ਦਿਓ ਕਿ ਉਹ "ਜੀਉਣ ਦੀਆਂ ਚਿੰਤਾਂ . . ." (ਲੂਕਾ 8:14) ਦੇ ਦੁਆਰਾ ਤੁਹਾਡੀ ਆਤਮਿਕ ਸੂਝ-ਬੂਝ ਨੂੰ ਚੋਰੀ ਕਰ ਲਵੇ।

6:1-8 ਦੀ ਭਾਸ਼ਾ ਇਸ ਗੱਲ ਉੱਤੇ ਜ਼ੋਰ ਦਿੰਦੀ ਹੈ ਕਿ ਪਰਮੇਸ਼ੁਰ ਨਿਯੰਤਰਣ ਵਿਚ ਹੈ ਅਤੇ ਉਹ ਆਪਣੀਆਂ ਯੋਜਨਾਵਾਂ ਅਤੇ ਉਦੇਸ਼ਾਂ ਨੂੰ ਪੂਰਾ ਕਰ ਰਿਹਾ ਹੈ। ਉਸ ਦੀਆਂ ਯੋਜਨਾਵਾਂ ਅਤੇ ਉਦੇਸ਼ਾਂ ਦੀ ਗਹਿਰਾਈ ਵਿਚ ਆਪਣੇ ਲੋਕਾਂ ਨੂੰ ਅਸੀਸ ਦੇਣ ਦੀ ਇੱਛਾ ਹੈ। ਪਰਮੇਸ਼ੁਰ ਸਾਨੂੰ

ਪਿਆਰ ਕਰਦਾ ਹੈ; ਉਹ ਸਾਡੀ ਵੱਲ ਹੈ। ਬਹੁਤ ਪਹਿਲਾਂ, ਉਸ ਨੇ ਮੂਸਾ ਨੂੰ ਕਿਹਾ ਸੀ, "ਮੈਂ ਦ੍ਰਿਸ਼ਟ ਕਰ ਕੇ ਆਪਣੇ ਲੋਕਾਂ ਦਾ ਜਿਹੜੇ ਮਿਸਰ ਵਿੱਚ ਹਨ ਕਸ਼ਟ ਵੇਖਿਆ ਅਤੇ ਮੈਂ ਉਨ੍ਹਾਂ ਦੇ ਹੌਕੇ ਸੁਣ ਕੇ ਉਨ੍ਹਾਂ ਨੂੰ ਛੁਡਾਉਣ ਉੱਤਰਿਆ ਹਾਂ . . ." (ਰਸੂਲਾਂ ਦੇ ਕਰਤੱਬ 7:34)। ਪਹਿਲੀ ਸਦੀ ਵਿਚ ਪਰਮੇਸ਼ੁਰ ਦਾ ਇਹੀ ਭਾਵ ਸੀ, ਅਤੇ ਅੱਜ ਵੀ ਉਸ ਦਾ ਉਹੀ ਭਾਵ ਹੈ।

### ਪੰਜਵੀਂ ਅਤੇ ਛੇਵੀਂ ਮੋਹਰ (6:9-17)

ਜੇਕਰ ਤੁਸੀਂ ਪੰਜਵੀਂ ਅਤੇ ਛੇਵੀਂ ਮੋਹਰ ਨੂੰ (ਪਰਕਾਸ਼ ਦੀ ਪੋਥੀ 6:9–17) ਇੱਕ ਪੇਸ਼ਕਸ਼ ਵਿਚ ਕਵਰ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਪਾਠ ਨੂੰ "ਸਹੀ ਰਾਹ ਅਤੇ ਗਲਤ ਰਾਹ" ਕਹਿ ਸਕਦੇ ਹੋ। ਪੰਜਵੀਂ ਮੋਹਰ "ਅੱਤਿਆਚਾਰ ਦੇ ਪ੍ਰਤਿ ਪ੍ਰਤਿਕਿਰਿਆ ਕਰਨ ਦਾ ਸਹੀ ਤਰੀਕਾ" ਹੈ: (1) ਅੱਤਿਆਚਾਰ ਦੇ ਬਾਰੇ ਚਿੰਤਾ ਕਰਨਾ ਠੀਕ ਹੈ। (2) ਜਦੋਂ ਅੱਤਿਆਚਾਰ ਹੁੰਦਾ ਹੈ ਤਾਂ ਪਰਮੇਸ਼ੁਰ ਤੋਂ *ਦੂਰ ਜਾਣ* ਦੀ ਬਜਾਇ ਉਸ ਵੱਲ ਮੁੜੋ। (3) ਆਪਣਾ ਬਦਲਾ ਆਪ ਨਾ ਲਵੋ, ਪਰ ਅਜਿਹਿਆਂ ਮਾਮਲਿਆਂ ਨੂੰ ਪਰਮੇਸ਼ੁਰ ਦੇ ਹੱਥਾਂ ਦੇ ਵਿਚ ਛੱਡ ਦਿਓ। ਛੇਵੀਂ ਮੋਹਰ "ਨਿਆਂ ਦੇ ਲਈ ਗਲਤ ਤਰੀਕੇ ਦੇ ਨਾਲ ਤਿਆਰ ਹੋਣ ਦੇ ਬਾਰੇ" ਦੱਸ ਸਕਦੀ ਹੈ: (1) ਜਦੋਂ ਤਕ ਨਿਆਂ ਨਹੀਂ ਆਉਂਦਾ ਉਦੋਂ ਤਕ ਕੁਝ ਨਾ ਕਰੋ। (2) ਸੋਚੋ ਕਿ ਜੀਵਨ ਵਿਚ ਤੁਹਾਡੀ ਸਥਿਤੀ ਤੁਹਾਨੂੰ ਪਰਮੇਸ਼ੁਰ ਦੇ ਕ੍ਰੋਧ ਦੇ ਲਈ ਜ਼ਰੀਆ ਬਣਾਉਂਦੀ ਹੈ। (3) ਜਦੋਂ ਨਿਆਂ ਆਉਂਦਾ ਹੈ, ਤਾਂ ਇਸ ਵਿਚ ਇੱਕ ਛੇਦ ਕਰ ਕੇ ਰੇਂਗਣ ਦੀ ਕੋਸ਼ਿਸ਼ ਕਰੋ। ਛੇਵੀਂ ਮੋਹਰ ਦੇ ਸੰਬੰਧ ਦੇ ਵਿਚ ਇੱਕ ਪਾਠ ਦੇ ਲਈ ਸੰਭਵ ਪਾਠਾਂ ਦੇ ਸਿਰਲੇਖਾਂ ਵਿਚ ਇਹ ਸ਼ਾਮਲ ਹਨ "ਮੇਮਣੇ ਦਾ ਕ੍ਰੋਧ," "ਤੁਸੀਂ ਪਰਮੇਸ਼ੁਰ ਦੇ ਕੋਲੋਂ ਲੁਕ ਨਹੀਂ ਸਕਦੇ!" ਅਤੇ "ਕੌਣ ਖੜ੍ਹਾ ਰਹਿ ਸਕਦਾ ਹੈ?"

### ਮਨੁੱਖ ਦਾ ਪ੍ਰਸ਼ਨ (6:10)

ਪਰਕਾਸ਼ ਦੀ ਪੋਥੀ 6:10 ਵਿਚ, ਜਗਵੇਦੀ ਦੇ ਹੇਠਾਂ ਉਨ੍ਹਾਂ ਲੋਕਾਂ ਦੀਆਂ ਜਾਨਾਂ ਜਿਹੜੇ ਵੱਢੇ ਗਏ ਸਨ, ਪੁਕਾਰ ਕੇ ਪਰਮੇਸ਼ੁਰ ਨੂੰ, ਕਹਿੰਦੀਆਂ ਹਨ, "ਹੇ ਸੁਆਮੀ ਜੀ, ਜਿਹੜਾ ਪਵਿੱਤਰ ਅਤੇ ਸਤ ਹੈਂ ਕਦੋਂ ਤੋੜੀ ਤੂੰ ਨਿਆਉਂ ਨਹੀਂ ਕਰਦਾ ਅਤੇ ਧਰਤੀ ਦੇ ਵਾਸੀਆਂ ਕੋਲੋਂ ਸਾਡੇ ਲਹੂ ਦਾ ਵੱਟਾ ਨਹੀਂ ਲੈਂਦਾ ਹੈਂ?" ਇਸ ਮਨੋਰੰਜਕ ਸਵਾਲ ਦੀ ਇੱਕ ਵਿਚਾਰਸ਼ੀਲ ਪਰਖ ਕਰਨੀ ਚਾਹੀਦੀ ਹੈ।

*ਇੱਕ ਗੁੰਝਲਦਾਰ ਸਵਾਲ।* ਸਵਾਲ ਦਾ ਪਹਿਲੂ ਜੋ ਕਿ ਆਧੁਨਿਕ ਪਾਠਕਾਂ ਦੇ ਬਦਲੇ ਤੇ ਜ਼ੋਰ ਦਿੰਦਾ ਹੈ। ਕੁਝ ਲੋਕ ਇਹ ਕਹਿੰਦੇ ਹਨ ਕਿ ਈਸਾਈ ਦਸਤਾਵੇਜ਼ ਦੇ ਉੱਤੇ ਬਦਲੇ ਦਾ ਕੋਈ ਸਥਾਨ ਨਹੀਂ ਹੈ। ਉਹ ਕਹਿੰਦੇ ਹਨ, ਕਿ "ਆਖਿਰਕਾਰ," "ਕੀ ਯਿਸੂ ਨੇ ਸਾਨੂੰ ਨਹੀਂ ਸਿਖਾਇਆ ਕਿ ਆਪਣੇ ਦੁੱਖ ਦੇਣ ਵਾਲਿਆਂ ਦੇ ਵੱਲ ਆਪਣੀ ਦੂਜੀ ਗੱਲ ਵੀ ਫੇਰ ਦੇ? [ਮੱਤੀ 5:39]। ਅਤੇ ਕੀ ਯਿਸੂ ਨੇ ਆਪਣੇ ਦੁਸ਼ਮਣਾਂ ਦੇ ਲਈ ਪ੍ਰਾਰਥਨਾ ਨਹੀਂ ਕੀਤੀ ਭਾਵੇਂ ਉਨ੍ਹਾਂ ਨੇ ਉਸ ਨੂੰ ਸੂਲੀ ਉੱਤੇ ਚੜ੍ਹਾਇਆ ਸੀ? [ਲੂਕਾ 23:34]। ਇਸਤੀਫ਼ਾਨ ਨੇ ਵੀ ਉਨ੍ਹਾਂ ਲੋਕਾਂ ਦੇ ਲਈ ਉਸੇ ਤਰ੍ਹਾਂ ਹੀ ਪ੍ਰਾਰਥਨਾ ਕੀਤੀ ਸੀ ਜਿਨ੍ਹਾਂ ਨੇ ਉਸ ਨੂੰ ਪੱਥਰ ਮਾਰੇ ਸਨ [ਰਸੂਲਾਂ ਦੇ ਕਰਤੱਬ 7:60]।" ਕੁਝ ਲੋਕਾਂ ਨੇ ਬਦਲਾ ਲੈਣ ਤੇ ਜ਼ੋਰ ਦੇਣ ਦੇ ਕਾਰਣ ਪੁਸਤਕ ਦੀ ਵਿਸ਼ਵਾਸਯੋਗਤਾ ਨੂੰ ਚੁਨੌਤੀ ਦਿੰਦੇ ਹੋਏ, ਪਰਕਾਸ਼ ਦੀ ਪੋਥੀ ਨੂੰ ਨਵੇਂ ਨੇਮ ਦੇ ਕੈਨਨ ਦਾ ਇੱਕ ਭਾਗ ਹੋਣ ਤੋਂ ਖਾਰਿਜ ਕਰ ਦਿੱਤਾ ਹੈ। ਹੋਰਨਾਂ ਨੇ, ਜੋ ਪਰਕਾਸ਼ ਦੀ ਪੋਥੀ ਦੀ ਵਿਸ਼ਵਾਸਯੋਗਤਾ ਉੱਤੇ ਭਰੋਸਾ ਰੱਖਦੇ ਹਨ, ਇਹ ਸਿੱਟਾ ਕੱਢਿਆ ਹੈ ਕਿ ਜੋ "ਜਗਵੇਦੀ ਦੇ ਹੇਠਾਂ ਹਨ" ਉਹ ਮਸੀਹੀ ਨਹੀਂ ਹੋ ਸਕਦੇ ਹਨ ਅਤੇ ਉਹ ਜ਼ਰੂਰ

ਯਹੂਦੀ ਹੋਣਗੇ। ਪਰ, ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਮਸੀਹੀ ਸਨ: (1) ਉਹ ਉਸੇ ਕਾਰਣ ਮਾਰੇ ਗਏ ਸਨ ਜਿਸ ਕਾਰਣ ਯੂਹੰਨਾ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ (1:9; 6:9)। (2) ਉਨ੍ਹਾਂ ਨੇ ਮਸੀਹੀਆਂ ਨੂੰ ਪ੍ਰਾਪਤ ਇਨਾਮ ਨੂੰ ਪ੍ਰਾਪਤ ਕੀਤਾ ਸੀ (3:5; 6:11)। (3) ਪਰਕਾਸ਼ ਦੀ ਪੋਥੀ ਮਸੀਹੀਆਂ ਨੂੰ ਦਿਲਾਸਾ ਦੇਣ ਦੇ ਲਈ ਲਿਖੀ ਗਈ ਸੀ (ਨਾ ਕਿ ਯਹੂਦੀਆਂ ਨੂੰ), ਜਿਨ੍ਹਾਂ ਨੇ ਆਪਣੇ ਅੱਤਿਆਚਾਰ ਦੇ ਅਰਥ ਦੇ ਲਈ ਸੰਘਰਸ਼ ਕੀਤਾ ਸੀ।

ਇਹ ਇੱਕ ਸਧਾਰਣ ਮਾਮਲਾ ਨਹੀਂ ਹੈ, ਪਰ ਇੱਥੇ ਕੁਝ ਵਿਚਾਰ ਹਨ:

1. ਇਹ ਬੰਦ ਇੱਕ ਅੰਗੀਕਾਰ ਹੈ ਕਿ ਜਦੋਂ ਮਸੀਹੀਆਂ ਦੇ ਜੀਵਨਾਂ ਦੇ ਵਿਚ ਮੁਸ਼ਕਲਾਂ ਅਤੇ ਪਰੀਖਿਆਵਾਂ ਹੁੰਦੀਆਂ ਹਨ ਤਾਂ ਕਈ ਵਾਰ ਉਨ੍ਹਾਂ ਦੇ ਮਨ ਵਿਚ ਦਿਲ ਨੂੰ ਦੁਖਾਉਣ ਵਾਲੇ ਪ੍ਰਸ਼ਨ ਪੈਦਾ ਹੋ ਜਾਂਦੇ ਹਨ। ਇਸ ਦਾ ਅਰਥ ਇਹ ਵੀ ਹੈ ਕਿ ਜਦੋਂ ਤਕ ਪ੍ਰਸ਼ਨ ਪੁੱਛਣ ਵਾਲਾ ਪਰਮੇਸ਼ੁਰ ਵਿਚ ਆਪਣੇ ਵਿਸ਼ਵਾਸ ਨੂੰ ਨਹੀਂ ਗੁਆਉਂਦਾ ਉਦੋਂ ਤਕ ਅਜਿਹੇ ਪ੍ਰਸ਼ਨ ਪੁੱਛੇ ਜਾਣ ਦੇ ਵਿਚ ਕੋਈ ਵੀ ਕੋਈ ਗਲਤੀ ਨਹੀਂ ਹੈ।

2. ਇਸ ਗੱਲ ਨੂੰ ਯਾਦ ਰੱਖਣਾ ਬਹੁਤ ਮਹੱਤਵਪੂਰਣ ਹੈ ਕਿ ਇਨ੍ਹਾਂ ਆਤਮਾਵਾਂ ਨੇ ਆਪਣੇ ਬਦਲੇ ਦਾ ਕੰਮ *ਪਰਮੇਸ਼ੁਰ* ਦੇ ਹੱਥਾਂ ਦੇ ਵਿਚ ਦਿੱਤਾ ਹੋਇਆ ਸੀ। ਨਵਾਂ ਨੇਮ ਨਿਜੀ ਤੌਰ ਤੇ ਬਦਲਾ ਲੈਣ ਦੇ ਵਿਰੁੱਧ ਸਿੱਖਿਆ ਦਿੰਦਾ ਹੈ, ਪਰ ਇਹ ਇਸ ਗੱਲ ਉੱਤੇ ਵੀ ਜ਼ੋਰ ਦਿੰਦਾ ਹੇ ਕਿ ਇੱਕ ਦਿਨ ਪਰਮੇਸ਼ੁਰ ਅਧਰਮੀ ਲੋਕਾਂ ਦਾ ਨਿਆਂ ਕਰੇਗਾ। ਉਦਾਹਰਣ ਦੇ ਤੌਰ ਤੇ, ਰੋਮੀਆਂ 12:17-21 ਵਿਚ ਇਸ ਵਿਸ਼ੇ ਤੇ ਪੌਲੁਸ ਦੀਆਂ ਦੇ ਨਿਰਦੇਸ਼ਾਂ ਤੇ ਵਿਚਾਰ ਕਰੋ। ਪੌਲੁਸ ਨੇ ਆਪਣੇ ਪਾਠਕਾਂ ਤੇ ਦੋਸ਼ ਲਾਇਆ:

> ਬੁਰਿਆਈ ਦੇ ਵੱਟੇ ਕਿਸੇ ਨਾਲ ਬੁਰਿਆਈ ਨਾ ਕਰੋ। . . . ਜੇ ਹੋ ਸਕੇ ਤਾਂ ਆਪਣੀ ਵਾਹ ਲੱਗਦਿਆਂ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ। ਹੇ ਪਿਆਰਿਓ, ਆਪਣਾ ਬਦਲਾ ਨਾ ਲਓ . . . "ਪਰ ਜੇ ਤੇਰਾ ਵੈਰੀ ਭੁੱਖਾ ਹੋਵੇ ਤਾਂ ਉਹ ਨੂੰ ਖੁਆ, ਜੇ ਤਿਹਾਇਆ ਹੋਵੇ ਤਾਂ ਉਹ ਨੂੰ ਪਿਆ, . . ." ਬੁਰਿਆਈ ਤੋਂ ਨਾ ਹਾਰ ਸਗੋਂ ਭਲਿਆਈ ਨਾਲ ਬੁਰਿਆਈ ਨੂੰ ਜਿੱਤ ਲੈ।

ਭਾਵੇਂ, ਪੌਲੁਸ ਦੇ ਬਦਲਾ ਨਾ ਲੈਣ ਦੇ ਆਪਣੇ ਲੇਖ ਦੇ ਮੱਧ ਵਿਚ, ਰਸੂਲ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਇੱਕ ਦਿਨ ਪਰਮੇਸ਼ੁਰ ਇਸਾਈਆਂ ਨੂੰ ਸਹੀ ਸਾਬਤ ਕਰੇਗਾ ਅਤੇ ਜੋ ਉਨ੍ਹਾਂ ਦੇ ਉੱਤੇ ਅੱਤਿਆਚਾਰ ਕਰਦੇ ਹਨ ਉਨ੍ਹਾਂ ਨੂੰ ਸਜ਼ਾ ਦੇਵੇਗਾ। ਬਾਅਦ ਵਿਚ ਪੌਲੁਸ ਨੇ ਕਿਹਾ, "ਹੇ ਪਿਆਰਿਓ, ਆਪਣਾ ਬਦਲਾ ਨਾ ਲਓ," ਉਹ ਫਿਰ ਕਹਿੰਦਾ ਹੈ, "ਪਰ *ਕ੍ਰੋਧ ਨੂੰ ਜਾਣ ਦਿਓ* ਕਿਉਂ ਜੋ ਲਿਖਿਆ ਹੋਇਆ ਹੈ ਕਿ ਪ੍ਰਭੁ ਆਖਦਾ ਹੈ ਭਈ 'ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ।'" (ਰੋਮੀਆਂ 12:19; ਜ਼ੋਰ ਦਿੱਤਾ ਗਿਆ ਹੈ)।

ਮਸੀਹੀਆਂ ਨੂੰ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਨਵਾਂ ਨੇਮ ਵਿਅਕਤੀਗਤ ਅਤੇ ਨਿਜੀ ਬਦਲੇ ਦੀ ਨਿੰਦਾ ਕਰਦਾ ਹੈ। ਬਹੁਤ ਸਾਰੇ ਲੋਕਾਂ ਦੇ ਲਈ ਕਿਸੇ ਵੀ ਅਪਮਾਨ ਦੇ ਲਈ ਭਾਵੇਂ ਉਹ ਅਸਲੀ ਹੋਵੇ ਜਾਂ ਕਲਪਨਾ ਕੀਤਾ ਗਿਆ ਹੋਵੇ, ਬਦਲਾ ਲੈਣਾ ਇੱਕ ਕੁਦਰਤੀ, ਉਚਿਤ, ਅਤੇ ਸਵੀਕਾਰ ਕਰਨ ਯੋਗ ਪ੍ਰਤਿਕਿਰਿਆ ਹੁੰਦੀ ਹੈ। ਕੁਝ ਲੋਕ ਸੋਚਦੇ ਹਨ ਕਿ ਇਸ ਇੱਛਾ ਦਾ ਇੱਕ ਕਾਰਣ ਨਿਆਂ-ਪ੍ਰਣਾਲੀ ਦੀ ਬਾਰ-ਬਾਰ ਨਿਆਂ ਕਰ ਸਕਣ ਦੀ ਅਸਫਲਾ ਹੈ। ਕਾਰਣ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਇਸਾਈਆਂ ਨੂੰ ਵਿਅਕਤੀਗਤ ਤੌਰ ਤੇ ਬਦਲਾ ਲੈਣ ਦੀ ਇੱਛਾ ਦਾ ਵਿਰੋਧ ਕਰਨਾ ਚਾਹੀਦਾ ਹੈ ਜਾਂ ਦੂਜਿਆਂ ਨੂੰ ਵੀ ਅਜਿਹਾ ਕਰਨ ਦੇ ਲਈ ਉਤਸਾਹਿਤ ਕਰਨਾ

ਚਾਹੀਦਾ ਹੈ। "ਬਦਲਾ ਲੈਣਾ ਮਿੱਠਾ ਹੈ!" ਇਹ ਇੱਕ ਪੁਰਾਤਨ ਪੁਕਾਰ ਹੈ। ਕੁਝ ਲੋਕ ਇਸ ਨੂੰ ਇਸ ਪ੍ਰਕਾਰ ਪਰਗਟ ਕਰਦੇ ਹਨ: "ਮੈਂ ਗੁੱਸੇ ਵਿਚ ਨਹੀਂ ਆਇਆ ਸੀ; ਮੈਂ ਬਰਾਬਰ ਹੋ ਗਿਆ ਸੀ।" ਬਹੁਤ ਸਾਰੀਆਂ ਕਿਤਾਬਾਂ ਅਤੇ ਫਿਲਮਾਂ ਬਦਲਾ ਲੈਣ ਦੇ ਵਿਸ਼ੇ ਦੇ ਆਸ-ਪਾਸ ਘੁੰਮਦੇ ਹਨ; ਜਦੋਂ "ਨਾਇਕ" ਖਲਨਾਇਕ ਦੇ ਸਿਰ ਦੇ ਉੱਤੇ ਪਰੇਸ਼ਾਨੀ ਅਤੇ ਸ਼ਰਮਿੰਦਗੀ ਦੇ ਢੇਰ ਲਗਾਉਂਦਾ ਹੈ ਤਾਂ ਦਰਸ਼ਕ ਖੁਸ਼ ਹੁੰਦੇ ਹਨ। ਯਿਸੂ ਦੇ ਚੇਲੇ ਹੋਣ ਦੇ ਨਾਤੇ, ਸਾਨੂੰ ਇਸ ਇੱਛਾ ਵਿਚ ਫਸਣ ਦੇ ਪਰਤਾਵੇ ਤੋਂ ਬਚਣਾ ਚਾਹੀਦਾ ਹੈ। ਪਵਿੱਤਰ ਬਾਈਬਲ ਹੁਣ ਵੀ ਕਹਿੰਦੀ ਹੈ, "ਵੇਖਣਾ ਭਈ ਕੋਈ ਕਿਸੇ ਨਾਲ ਬੁਰੇ ਦੇ ਵੱਟੇ ਬੁਰਾ ਨਾ ਕਰੇ ਸਗੋਂ ਇੱਕ ਦੂਏ ਲਈ ਅਤੇ ਸਭਨਾਂ ਲਈ ਸਦਾ ਭਲਿਆਈ ਦੇ ਪਿੱਛੇ ਲੱਗੇ ਰਹੋ।" (1 ਥੱਸਲੁਨੀਕੀਆਂ ਨੂੰ 5:15) । ਬਦਲੇ ਵਿਚ ਅਨੈਤਿਕ ਵਿਚਾਰ ਅਤੇ ਭਾਵਨਾਵਾਂ ਸ਼ਾਮਲ ਹੁੰਦੀਆਂ ਹਨ। ਇਕੋ ਸਮੇਂ ਵਿਚ ਦਿਲ ਵਿਚ ਪਿਆਰ ਅਤੇ ਕੁੜੱਤਣ ਭਰੇ ਹੋਏ ਨਹੀਂ ਹੋ ਸਕਦੇ।

ਦੂਜੇ ਪਾਸੇ, ਨਵਾਂ ਨੇਮ ਸਿਖਾਉਂਦਾ ਹੈ ਕਿ ਬੁਰਾਈ ਦੀ ਸਜ਼ਾ ਜ਼ਰੂਰ ਦਿੱਤੀ ਜਾਵੇਗੀ – ਅਤੇ ਸਾਨੂੰ ਭਰੋਸਾ ਦਿਵਾਉਂਦਾ ਹੈ ਕਿ ਇੱਕ ਦਿਨ ਆ ਰਿਹਾ ਹੈ ਜਦੋਂ ਬੁਰਾਈ ਦੀ ਸਜ਼ਾ ਦਿੱਤੀ *ਜਾਵੇਗੀ*। ਇਸ ਪ੍ਰਕਾਰ ਸਾਡੇ ਕੋਲ ਪਹਿਲਾਂ ਉਲੇਖ ਕੀਤੇ ਗਏ ਬੰਦ ਹਨ: "ਉਹ ਆਪਣੇ ਦਾਸਾਂ ਦੇ ਲਹੂ ਦਾ ਬਦਲਾ ਲਵੇਗਾ, ਅਤੇ ਆਪਣੇ ਵੈਰੀਆਂ ਨੂੰ ਵੱਟਾ ਦੇਵੇਗਾ . . ." (ਬਿਵਸਥਾ ਸਾਰ 32:43)। "ਫੇਰ ਭਲਾ, ਪਰਮੇਸ਼ੁਰ ਆਪਣੇ ਚੁਣਿਆਂ ਹੋਇਆਂ ਦਾ ਬਦਲਾ ਲੈ ਨਾ ਦੇਵੇਗਾ ਜਿਹੜੇ ਰਾਤ ਦਿਨ ਉਹ ਦੀ ਦੁਹਾਈ ਦਿੰਦੇ ਹਨ . . . ?" (ਲੂਕਾ 18:7)।

ਭਾਵੇਂ ਪਰਕਾਸ਼ ਦੀ ਪੋਥੀ 6:10 ਦੀ ਭਾਸ਼ਾ ਕਈਆਂ ਨੂੰ ਖ਼ੂਨ-ਦੇ ਪਿਆਸੇ ਦੇ ਰੂਪ ਵਿਚ ਸੱਟ ਮਾਰਦੀ ਹੈ, ਬਹੁਤ ਸਾਰੇ ਲੋਕ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਪਾਪ ਨੂੰ ਸਦਾ ਦੇ ਲਈ ਸਜ਼ਾ ਦੇਣ ਤੋਂ ਬਗੈਰ ਛੱਡਿਆ ਜਾਣਾ ਗਲਤ ਹੈ। ਲੋਕਾਂ ਨੂੰ ਸਪਸ਼ੱਟ ਤੌਰ ਤੇ ਪਤਾ ਹੈ ਕਿ ਭਲਾਈ ਲਈ ਇਨਾਮ ਅਤੇ ਬੁਰਾਈ ਦੇ ਲਈ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਅਤੇ ਜੇਕਰ ਇਸ ਤੋਂ ਉਲਟ ਹੁੰਦਾ ਹੈ ਤਾਂ ਉਹ ਵੀ ਗਲਤ ਹੋਵੇਗਾ।

ਭਾਵੇਂ ਕੁਝ ਵੀ ਹੋਵੇ, ਕਿਸੇ ਵਿਅਕਤੀ ਲਈ ਪਰਮੇਸ਼ੁਰ ਦੀ ਬਦਲਾ ਲੈਣ ਦੀ ਭੂਮਿਕਾ ਨੂੰ ਆਪ ਨਿਭਾਉਣਾ ਯੋਗ ਨਹੀਂ ਹੈ। ਕਿਉਂਕਿ ਬਹੁਤ ਸਾਰੇ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ ਉਨ੍ਹਾਂ ਨੂੰ ਪਰਮੇਸ਼ੁਰ ਦੇ ਦੁਆਰਾ ਵਿਅਕਤੀਗਤ ਤੌਰ ਤੇ ਅਤੇ ਨਿਜੀ ਤੌਰ ਤੇ ਬੁਰਾਈ ਦਾ ਬਦਲਾ ਲੈਣ ਦੇ ਲਈ ਠਹਿਰਾਇਆ ਗਿਆ ਹੈ, ਇਸ ਦੇ ਨਾਲ ਮਹਾਨ ਬੁਰਾਈ ਪੈਦਾ ਹੁੰਦੀ ਹੈ। *ਨਾਗਰਿਕ ਸਰਕਾਰ* ਨੂੰ "ਉਹ ਤਾਂ ਪਰਮੇਸ਼ੁਰ ਦਾ ਸੇਵਕ ਹੈ ਭਈ ਕੁਕਰਮੀ ਨੂੰ ਸਜ਼ਾ ਦੇਵੇ" ਕਿਹਾ ਗਿਆ ਹੈ (ਰੋਮੀਆਂ 13:4), ਪਰ ਬਦਲਾ ਲੈਣ ਵਾਲਾ ਕਦੀ ਵੀ ਵਿਅਕਤੀਗਤ ਦੁਸ਼ਮਣ ਨਹੀਂ ਹੋਣਾ ਚਾਹੀਦਾ ਹੈ। ਪੌਲੁਸ ਦੇ ਹੁਕਮ ਨੂੰ ਨਾ ਭੁੱਲੋ: "ਹੇ ਪਿਆਰਿਓ, ਆਪਣਾ ਬਦਲਾ ਨਾ ਲਓ," ਪਰ ਬਦਲੇ ਨੂੰ ਪਰਮੇਸ਼ੁਰ ਦੇ ਹੱਥਾਂ ਵਿਚ ਛੱਡ ਦਿਓ (ਰੋਮੀਆਂ 12:19; ਵੇਖੋ 2 ਤਿਮੋਥਿਉਸ 4:14)। ਇਹੀ ਹੈ ਜੋ "ਜਗਵੇਦੀ ਦੇ ਹੇਠਾਂ" ਵਾਲੇ ਸੰਤ ਕਰ ਰਹੇ ਸਨ।

3. ਕੁਝ ਟਿੱਪਣੀਕਾਰ ਸੁਝਾਓ ਦਿੰਦੇ ਹਨ ਕਿ ਉਹ ਲੋਕ ਜੋ ਪੁਕਾਰ ਕੇ ਕਹਿ ਰਹੇ ਸਨ "ਕਦੋ ਤੋੜੀ?" ਵਿਅਕਤੀਗਤ ਬਦਲੇ ਦੇ ਲਈ ਬੇਚੈਨ ਨਹੀਂ ਸਨ ਪਰ ਉਹ ਪਰਮੇਸ਼ੁਰ ਦੇ ਕਾਰਣ ਛੁਟਕਾਰੇ ਦੇ ਲਈ ਚਿੰਤਿਤ ਸਨ – ਅਤੇ ਸ਼ਾਇਦ ਇਹ ਵਿਚਾਰ ਸੱਚਾ ਹੈ। ਪਰਮੇਸ਼ੁਰ ਦੇ ਦੁਆਰਾ ਬਦਲਾ ਲੈਣ ਦੇ ਨਾਲ ਉਨ੍ਹਾਂ ਨੂੰ ਵਿਅਕਤੀਗਤ ਤੌਰ ਤੇ ਕੁਝ ਹਾਸਲ ਨਹੀਂ ਹੋਣਾ ਸੀ; ਉਹ

ਪਹਿਲਾਂ ਤੋਂ ਹੀ ਆਪਣੀ ਨਿਜੀ ਵਿਰਾਸਤ ਨੂੰ ਪਾ ਰਹੇ ਸਨ। ਉਹ *ਪਰਮੇਸ਼ੁਰ ਦੀ* ਮਹਿਮਾ ਚਾਹੁੰਦੇ ਸਨ। ਜੇਕਰ ਪਰਮੇਸ਼ੁਰ ਨੇ ਕੁਝ ਨਹੀਂ ਕੀਤਾ, ਤਾਂ ਇਹ ਉਨ੍ਹਾਂ ਨੂੰ ਦੁਸ਼ਮਣਾਂ ਨੂੰ ਇੰਝ ਜਾਪਣਾ ਸੀ ਜਿਵੇਂ ਉਹ ਉਨ੍ਹਾਂ ਦੇਵਤਿਆਂ ਨਾਲੋਂ ਕਮਜ਼ੋਰ ਅਤੇ ਨਿਸਫਲ ਸੀ ਜਿਨ੍ਹਾਂ ਦੀ ਪੂਜਾ ਰੋਮੀ ਲੋਕਾਂ ਦੇ ਦੁਆਰਾ ਕੀਤੀ ਜਾਂਦੀ ਸੀ।

ਇਹ ਚਿੰਤਾ ਅਕਸਰ ਲਿਖਤਾਂ ਵਿਚ ਗੂੰਜਦੀ ਹੈ। ਜ਼ਬੂਰਾਂ ਦੀ ਪੋਥੀ 79 ਵਿਚ, ਜ਼ਬੂਰ ਲਿਖਣ ਵਾਲਾ ਪ੍ਰਾਰਥਨਾ ਕਰਦਾ ਹੈ, "ਹੇ ਸਾਡੇ ਮੁਕਤੀ ਦੇ ਪਰਮੇਸ਼ੁਰ, ਆਪਣੇ ਨਾਮ ਦੇ ਪਰਤਾਪ ਦੇ ਲਈ ਸਾਡੀ ਸਹਾਇਤਾ ਕਰ, ਅਤੇ ਆਪਣੇ ਨਾਮ ਦੇ ਕਾਰਨ ਸਾਨੂੰ ਛੁਡਾ ਅਤੇ ਸਾਡੇ ਪਾਪਾਂ ਨੂੰ ਕੱਜ ਲੈ" (ਜ਼ਬੂਰਾਂ ਦੀ ਪੋਥੀ 79:9)। ਇਸ ਗੱਲ ਦੇ ਬਾਰੇ ਚਿੰਤਾ ਪਰਗਟ ਕੀਤੀ ਗਈ ਹੈ ਕਿ ਲੋਕ ਪਰਮੇਸ਼ੁਰ ਦੇ ਵਿਸ਼ੇ ਵਿਚ ਕੀ ਸੋਚਣਗੇ। ਫਿਰ ਲੇਖਕ ਪੁੱਛਦਾ ਹੈ, "ਕੌਮਾਂ ਕਾਹ ਨੂੰ ਆਖਣ, ਭਈ ਉਨ੍ਹਾਂ ਦਾ ਪਰਮੇਸ਼ੁਰ ਹੈ ਕਿੱਥੇ?'" (ਜ਼ਬੂਰਾਂ ਦੀ ਪੋਥੀ 79:10)। ਇਹ ਖਾਸ ਤੌਰ ਤੇ ਇੱਕ ਅਪਮਾਨਜਨਕ ਤਰੀਕਾ ਸੀ ਜਿਸ ਦੇ ਦੁਆਰਾ ਬੁੱਤਪ੍ਰਸਤ ਲੋਕ ਪੁੱਛਦੇ ਸਨ, "ਜੇਕਰ ਸੱਚਮੁੱਚ ਉਹ ਪਰਮੇਸ਼ੁਰ ਹੈ, ਤਾਂ ਉਹ ਕਿਉਂ *ਕੁਝ ਕਰਦਾ* ਨਹੀਂ ਹੈ?" ਇਸੇ ਕਾਰਣ ਜ਼ਬੂਰ ਲਿਖਣ ਵਾਲੇ ਨੇ ਬੇਨਤੀ ਕੀਤੀ "ਤੇਰੇ ਟਹਿਲੂਆਂ ਦੇ ਵਗਾਏ ਹੋਏ ਲਹੂ ਦਾ ਬਦਲਾ" (ਜ਼ਬੂਰਾਂ ਦੀ ਪੋਥੀ 79:10) ਇਨ੍ਹਾਂ ਸ਼ਬਦਾਂ ਵਿਚ: "ਅਤੇ ਸਾਡੇ ਗੁਆਂਢੀਆਂ [ਅਰਥਾਤ, ਉਨ੍ਹਾਂ ਦੇ ਆਲੇ-ਦੁਆਲੇ ਦੇ ਦੁਸ਼ਮਣ ਦੇਸ਼] ਨੂੰ ਜਿਨ੍ਹਾਂ ਨੇ ਤੇਰੀ ਨਿੰਦਿਆ ਕੀਤੀ ਹੈ, ਹੇ ਪ੍ਰਭੂ, ਉਨ੍ਹਾਂ ਦੀ ਨਿੰਦਿਆ ਸੱਤ ਗੁਣਾ ਉਨ੍ਹਾਂ ਦੇ ਪੱਲੇ ਪਾ" (ਜ਼ਬੂਰਾਂ ਦੀ ਪੋਥੀ 79:12)। ਉਸ ਨੇ ਇਹ ਨਹੀਂ ਕਿਹਾ "ਜਿਨ੍ਹਾਂ ਨੇ ਸਾਡੀ ਨਿੰਦਿਆ ਕੀਤੀ ਹੈ," ਪਰ "ਜਿਨ੍ਹਾਂ ਨੇ *ਤੇਰੀ* ਨਿੰਦਿਆ ਕੀਤੀ ਹੈ, ਹੇ ਪ੍ਰਭੂ" (ਜ਼ੋਰ ਦਿੱਤਾ ਗਿਆ ਹੈ)। ਜਦੋਂ ਤਿੰਨਾਂ ਕਾਰਕਾਂ ਵਿਚੋਂ ਹਰੇਕ ਤੇ ਵਿਚਾਰ ਕੀਤਾ ਜਾਂਦਾ ਹੈ, ਤਾਂ ਜ਼ਿਆਦਾਤਰ ਲੋਕ ਇਸ ਗੱਲ ਦੇ ਨਾਲ ਸਹਿਮਤ ਹੁੰਦੇ ਹਨ ਕਿ ਮਾਈਕਲ ਵਿਲਕਲੋਕ ਇਸ ਗੱਲ ਵਿਚ ਸਹੀ ਸੀ ਜਦੋਂ ਉਸ ਨੇ ਕਿਹਾ ਕਿ ਜਗਵੇਦੀ ਦੇ ਹੇਠ ਪਏ ਲੋਕਾਂ ਦੀ ਦਰਦਨਾਕ ਪੁਕਾਰ "ਨਾ ਸਿਰਫ ਮਾਫ਼ ਕੀਤੇ ਜਾਣ ਦੇ ਯੋਗ ਸੀ ਸਗੋਂ ਸਹੀ ਵੀ ਸੀ।"[50]

*ਇੱਕ ਬਾਰਾਂਮਾਸੀ ਪ੍ਰਸ਼ਨ।* ਆਓ ਹੁਣ ਅਸੀਂ ਯੂਹੰਨਾ ਦੇ ਦਿਨਾਂ ਵਿਚ ਸ਼ਹੀਦ ਹੋਏ ਲੋਕਾਂ ਤੋਂ ਸੁਰਖੀਆਂ ਨੂੰ ਲੈ ਕੇ ਉਨ੍ਹਾਂ ਪਰਮੇਸ਼ੁਰ ਦੇ ਆਮ ਲੋਕਾਂ ਤੇ ਲਿਆਉਂਦੇ ਹਾਂ। ਪਹਿਲੀ ਸਦੀ ਦੇ ਅੰਤ ਦੇ ਆਸ ਪਾਸ ਜੋ ਪ੍ਰਸ਼ਨ ਉਠਾਇਆ ਗਿਆ ਸੀ, ਉਹ ਨਿਰੰਤਰ ਉਨ੍ਹਾਂ ਲੋਕਾਂ ਨੂੰ ਪਰੇਸ਼ਾਨ ਕਰ ਰਿਹਾ ਸੀ ਜੋ ਪਰਮੇਸ਼ੁਰ ਦੇ ਪਿੱਛੇ ਚੱਲਣ ਦੀ ਕੋਸ਼ਿਸ਼ ਕਰ ਰਹੇ ਸਨ (ਵੇਖੋ ਜ਼ਬੂਰਾਂ ਦੀ ਪੋਥੀ 6:3; 35:17; 74:9-11; 79:5; 80:4; 89:46; 90:13; ਯਸਾਯਾਹ 6:11; ਯਿਰਮਿਯਾਹ 47:6; ਜ਼ਕਰਯਾਹ 1:12)। ਦਾਊਦ ਨੇ ਪੁੱਛਿਆ, "ਹੇ ਯਹੋਵਾਹ, ਤੂੰ ਕਦ ਤੀਕ ਮੈਨੂੰ ਭੁਲਾ ਛੱਡੇਂਗਾ? ਕੀ ਸਦਾ ਤੀਕ? ਤੂੰ ਕਦ ਤੀਕ ਆਪਣਾ ਮੂੰਹ ਮੈਥੋਂ ਲੁਕਾਵੇਂਗਾ? ਮੈਂ ਕਦੋਂ ਤੀਕ ਆਪਣੇ ਮਨ ਵਿੱਚ ਖਿਚੜੀ ਪਕਾਵਾਂ, ਅਤੇ ਸਾਰਾ ਦਿਨ ਆਪਣੇ ਦਿਲ ਵਿੱਚ ਸੋਗ ਕਰਾਂ? ਮੇਰਾ ਵੈਰੀ ਕਦ ਤੀਕ ਮੇਰੇ ਸਿਰ ਹੁੰਦਾ ਰਹੇ?" (ਜ਼ਬੂਰਾਂ ਦੀ ਪੋਥੀ 13:1, 2)।

ਹਬੱਕੂਕ ਨੇ ਵੀ ਉਹੀ ਪ੍ਰਸ਼ਨ ਪੁੱਛਿਆ: "ਹੇ ਯਹੋਵਾਹ, ਮੈਂ ਕਦ ਤਾਈਂ ਦੁਹਾਈ ਦਿਆਂ, ਅਤੇ ਤੂੰ ਨਾ ਸੁਣੇਗਾ? ਯਾ ਮੈਂ ਤੇਰੇ ਅੱਗੇ "ਜ਼ੁਲਮ" ਚਿੱਲਾਵਾਂ, ਅਤੇ ਤੂੰ ਨਾ ਬਚਾਵੇਂਗਾ?" (ਹਬੱਕੂਕ 1:2) ਯਿਰਮਿਯਾਹ ਨੇ ਪ੍ਰਸ਼ਨ "ਕਿਉਂ?" ਨੂੰ ਪ੍ਰਸ਼ਨ "ਕਦੋਂ ਤੀਕਰ?" ਨਾਲ ਮਿਲਾਇਆ: "ਦੁਸ਼ਟਾਂ ਦਾ ਰਾਹ *ਕਿਉਂ* ਸਫਲ ਹੁੰਦਾ ਹੈ? *ਕਿਉਂ* ਸਾਰੇ ਛਲੀਏ ਛਲ ਵਿੱਚ ਸੁਖੀ ਹਨ? ਧਰਤੀ *ਕਦੋਂ ਤੀਕਰ*

*ਸੋਗ ਕਰੇ, ਅਤੇ ਹਰ ਪੈਲੀ ਦਾ ਸਾਗ ਪਤ ਕੁਮਲਾਇਆ ਰਹੇ* . . . ?" (ਯਿਰਮਿਯਾਹ 12:1, 4; ਜ਼ੋਰ ਦਿੱਤਾ ਗਿਆ ਹੈ)।

ਵਿਸ਼ਵਾਸੀਆਂ ਨੇ ਹਮੇਸ਼ਾ ਇਨ੍ਹਾਂ ਪ੍ਰਸ਼ਨਾਂ ਦੇ ਨਾਲ ਸੰਘਰਸ਼ ਕੀਤਾ ਹੈ। ਪਰਮੇਸ਼ੁਰ ਨੇ ਦੁਸ਼ਟਾਂ ਨੂੰ ਸਜ਼ਾ ਦੇਣ ਅਤੇ ਧਰਮੀਆਂ ਨੂੰ ਸਹੀ ਸਾਬਤ ਕਰਨ ਦਾ ਵਾਇਦਾ ਕੀਤਾ ਹੈ, ਪਰ ਇਹ ਇੰਨਾ ਘੱਟ ਹੁੰਦਾ ਹੈ ਕਿ ਲੋਕ ਬੇਸਬਰ ਹੋ ਜਾਂਦੇ ਹਨ। ਬਹੁਤ ਵਾਰ ਧਰਮੀਆਂ ਨੂੰ ਸਤਾਇਆ ਜਾਂਦਾ ਹੈ ਜਦਕਿ ਅਧਰਮੀ ਖੁਸ਼ਹਾਲ ਜਾਪਦੇ ਹਨ। ਆਪਣੇ ਦਿਲਾਂ ਵਿਚ, ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪਰਮੇਸ਼ੁਰ ਹਰ ਇੱਕ ਚੀਜ਼ ਨੂੰ ਸਮੇਂ ਸਿਰ ਬਾਹਰ ਲਿਆਵੇਗਾ, ਪਰ ਉਹ ਅਜਿਹਾ *ਕਦੋਂ* ਕਰੇਗਾ? ਹੋਰਨਾਂ ਦੇ ਵਾਂਗ ਸਾਲਾਂ ਤੋਂ, ਸਾਨੂੰ ਪਰਮੇਸ਼ੁਰ ਦੀ ਸਮੇਂ ਸਾਰਣੀ ਤੋਂ ਮੁਸ਼ਕਲ ਆਉਂਦੀ ਹੈ (ਵੇਖੋ 2 ਪਤਰਸ 3)।

*ਇੱਕ ਵਿਅਕਤੀਗਤ ਪ੍ਰਸ਼ਨ।* ਸਾਡੇ ਕੋਲ ਹਾਲੇ ਵੀ ਪ੍ਰਸ਼ਨ ਹਨ। ਕਈ ਵਾਰ ਸਾਡੇ ਸਵਾਲ ਪਰਕਾਸ਼ ਦੀ ਪੋਥੀ 6:10 ਵਿਚ ਪੁੱਛੇ ਗਏ ਪ੍ਰਸ਼ਨਾਂ ਦੇ ਨਾਲ ਮਿਲਦੇ-ਜੁਲਦੇ ਹੁੰਦੇ ਹਨ। ਅਸੀਂ ਇੱਕ ਅਜਿਹੇ ਸੰਸਾਰ ਵਿਚ ਰਹਿੰਦੇ ਹਾਂ ਜਿੱਥੇ ਹਰੇਕ ਸੀਮਿਤ ਕੀਤੀ ਹੋਈ ਚੀਜ਼ ਇੰਝ ਜਾਪਦੀ ਹੈ ਜਿਵੇਂ ਇਹ ਖਤਮ ਹੋ ਰਹੀ ਹੈ। ਅਸੀਂ ਆਪਣੇ ਸਿਰ ਨੂੰ ਹਿਲਾਉਂਦੇ ਹਨ ਅਤੇ ਕਹਿੰਦੇ ਹਨ, "ਇਸ ਦੁਨੀਆਂ ਦਾ ਕੀ ਹੋਣ ਵਾਲਾ *ਹੈ*? ਪਰਮੇਸ਼ੁਰ ਅਜਿਹਾ ਕਦੋਂ ਤਕ ਹੋਣ ਦੇਵੇਗਾ? ਹੇ, ਪ੍ਰਭੂ, ਕਦੋਂ ਤਕ ਤੁਸੀਂ ਇਸ ਗੜਬੜੀ ਨੂੰ ਸਿੱਧਾ ਕਰੋਗੇ?"

ਕਈ ਵਾਰ ਸਾਡੇ ਪ੍ਰਸ਼ਨ ਹੋਰ ਵੀ ਵਿਅਕਤੀਗਤ ਹੁੰਦੇ ਹਨ: "ਪ੍ਰਭੂ ਜੀ, ਹੋਰ ਕਿੰਨੇ ਸਮੇਂ ਬਾਅਦ ਤੁਸੀਂ *ਮੇਰੇ* ਜੀਵਨ ਦੀ ਗਲਤੀ ਨੂੰ ਸੁਧਾਰੋਗੇ?" ਸ਼ਾਇਦ, ਯੂਹੰਨਾ ਦੇ ਦਿਨਾਂ ਦੇ ਮਸੀਹੀਆਂ ਦੇ ਵਾਂਗ, ਤੁਹਾਨੂੰ ਵੀ – ਆਪਣੇ ਪਰਿਵਾਰ ਦੇ ਕਿਸੇ ਮੈਂਬਰ ਦੇ ਦੁਆਰਾ, ਜਾਂ ਇੱਕ ਗੁਆਂਢੀ ਦੇ ਦੁਆਰਾ ਸਤਾਇਆ ਜਾ ਰਿਹਾ ਹੋਵੇ। ਸ਼ਾਇਦ ਤੁਸੀਂ ਸਧਾਰਣ ਤੌਰ ਤੇ ਉਹ ਕਰਨ ਦਾ ਸ਼ੰਘਰਸ਼ ਕਰ ਰਹੇ ਹੋ ਜੋ ਸਹੀ ਹੈ ਜਦਕਿ ਤੁਹਾਡੇ ਨਾਲ ਬੁਰਾ ਸਲੂਕ ਕੀਤਾ ਜਾ ਰਿਹਾ ਹੈ। ਹੋ ਸਕਦਾ ਹੈ ਕਿ ਤੁਸੀਂ ਈਮਾਨਦਾਰ ਹੋ ਅਤੇ ਹਮੇਸ਼ਾ ਆਪਣਾ ਕੰਮ ਕਰਦੇ ਹੋ, ਜਦਕਿ ਜਿਸਨੂੰ ਤਰੱਕੀ ਮਿਲਦੀ ਹੈ ਉਹ ਇੱਕ ਆਲਸੀ ਆਦਮੀ ਹੈ ਜੋ ਕਿ ਆਪਣਾ ਸਮਾਂ ਬੌਸ ਦੀ ਖੁਸ਼ਾਮਦ ਦੇ ਵਿਚ ਗੁਜ਼ਾਰਦਾ ਹੈ।

ਹੋ ਸਕਦਾ ਹੈ, ਯਿਰਮਿਯਾਹ ਨਬੀ ਦੇ ਵਾਂਗ, ਤੁਸੀਂ ਆਪਣੇ ਪ੍ਰਸ਼ਨ ਦੇ ਵਿਚ ਸ਼ਬਦ "ਕਿਉਂ" ਨੂੰ ਜੋੜਿਆ ਹੋਵੇ: "ਪ੍ਰਭੂ, ਮੈਨੂੰ ਇੰਨੀਆਂ ਮੁਸ਼ਕਲਾਂ *ਕਿਉਂ* ਹਨ?" "ਪ੍ਰਭੂ, ਮੇਰਾ ਜੀਵਨ ਸਾਥੀ [ਜਾਂ ਮੇਰਾ ਬੱਚਾ] *ਕਿਉਂ* ਮਰ ਗਿਆ ਹੈ?" "ਪ੍ਰਭੂ, ਮੈਂ ਆਪਣੇ ਬੱਚਿਆਂ ਨੂੰ ਸਹੀ ਬਣਾਉਣ ਦੀ ਕੋਸ਼ਿਸ਼ ਕੀਤੀ ਸੀ! ਪਰ ਉਹ ਗਲਤ *ਕਿਉਂ* ਹੋ ਗਏ ਹਨ?" "ਪ੍ਰਭੂ, ਮੈ ਆਪਣੇ ਬਿੱਲ *ਕਿਉਂ* ਨਹੀਂ ਭਰ ਸਕਦਾ ਹਾਂ?" "ਪ੍ਰਭੂ, ਮੈਨੂੰ ਕੈਂਸਰ [ਜਾਂ ਮਿਰਗੀ, ਜਾਂ ਦਿਲ ਦਾ ਰੋਗ] *ਕਿਉਂ* ਹੈ?" "ਪ੍ਰਭੂ, ਮੈਂ ਇੰਨਾ ਇਕੱਲਾ *ਕਿਉਂ* ਹਾਂ?" "ਪ੍ਰਭੂ, ਮੈਂ ਨਹੀਂ ਜਾਣਦਾ ਕਿ ਹੋਰ ਕਿੰਨੀ ਦੇਰ ਤਕ ਮੈਂ ਤੁਹਾਨੂੰ ਫੜੀ ਰੱਖ ਸਕਦਾ ਹਾਂ! *ਹੋਰ ਕਿੰਨੀ ਦੇਰ* ਬਾਅਦ ਤੁਸੀਂ ਮੇਰੀ ਮਦਦ ਕਰੋਗੇ? *ਕਦੋਂ ਤੋੜੀ?"*

ਪਰਕਾਸ਼ ਦੀ ਪੋਥੀ 6:9 ਅਤੇ 10 ਵਿਚ, ਪਰਮੇਸ਼ੁਰ ਦੇ ਲੋਕ ਸਤਾਏ ਜਾ ਰਹੇ ਸਨ, ਅਤੇ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਸੀ ਕਿ ਪਰਮੇਸ਼ੁਰ ਇਸ ਦੇ ਵਿਸ਼ੇ ਵਿਚ ਤੁਰੰਤ ਕੁਝ ਕਿਉਂ ਨਹੀਂ ਕਰ ਰਿਹਾ ਹੈ। ਤੁਸੀਂ ਸ਼ਾਇਦ ਇਸ ਗੱਲ ਤੋਂ ਜਾਣੂ ਹੋਵੋ ਕਿ ਉਨ੍ਹਾਂ ਨੂੰ ਕਿਹੋ ਜਿਹਾ ਮਹਿਸੂਸ ਹੁੰਦਾ ਹੋਵੇਗਾ।

**ਪਰਮੇਸ਼ੁਰ ਦਾ ਉੱਤਰ (6:11)**

ਜਦੋਂ ਦੁੱਖ ਆਉਂਦੇ ਹਨ, ਕਦੀ ਕਦੀ ਅਸੀਂ ਸੋਚਦੇ ਹਾਂ ਕਿ ਅਜਿਹਾ ਕਿਉਂ ਹੋਇਆ। ਕਈ ਵਾਰ ਇਸ ਵਿਸ਼ੇ ਵਿਚ ਬਾਈਬਲ ਦੇ ਵਿਚ ਇੱਕ ਬੰਦ ਹੁੰਦਾ ਹੈ; ਕਦੀ ਕਦਾਈਂ ਅਸੀਂ ਸਥਿਤੀ ਨੂੰ ਸਮਝਣ ਦੇ ਯੋਗ ਵੀ ਹੁੰਦੇ ਹਾਂ। ਅਕਸਰ, ਭਾਵੇਂ, ਅਸੀਂ ਆਪਣੀਆਂ ਆਫ਼ਤਾਂ ਦੇ ਸੰਬੰਧ ਵਿਚ ਕੋਈ ਤਰਕਸੰਗਤ ਵਿਆਖਿਆ ਨਹੀਂ ਵੇਖ ਸਕਦੇ ਹਾਂ। ਜਦੋਂ ਅਸੀਂ ਨਹੀਂ ਸਮਝਦੇ, ਉਸ ਵੇਲੇ ਵੀ ਪਰਮੇਸ਼ੁਰ ਦਾ ਉੱਤਰ ਇਹੀ ਹੁੰਦਾ ਹੈ "ਮੇਰੇ ਉੱਤੇ ਭਰੋਸਾ ਕਰੋ ਕਿ ਮੈਂ ਉਹੀ ਕਰਾਂਗਾ ਜੋ ਯੋਗ ਹੈ" – ਅਤੇ ਉਸ ਉੱਤਰ ਦੇ ਵੀ ਅੱਗੇ ਤਿੰਨ ਹਿੱਸੇ ਹੁੰਦੇ ਹਨ:

1. *"ਮੇਰੇ ਉੱਤੇ ਵਿਸ਼ਵਾਸ ਰੱਖੋ: ਤੁਸੀਂ ਸਮਝ ਨਹੀਂ ਸਕਦੇ ਹੋ।"* ਅਸੀਂ ਵੀ ਪਰਮੇਸ਼ੁਰ ਦੀਆਂ ਦੂਰ-ਦਰਸ਼ੀ ਯੋਜਨਾਵਾਂ ਨੂੰ ਸਮਝਣ ਤੋਂ ਉੱਨੇ ਹੀ ਅਯੋਗ ਹਾਂ ਜਿੰਨੇ ਪਹਿਲੀ ਸਦੀ ਦੇ ਮਸੀਹੀ ਲੋਕ ਸਨ। ਪਰਮੇਸ਼ੁਰ ਦੀ ਸੋਚ ਪਹਿਲੀ ਸਦੀ ਦੇ ਪ੍ਰਸ਼ਨ ਪੁੱਛਣ ਵਾਲਿਆਂ ਤੋਂ ਵੱਡੀ ਸੀ – ਜਿਵੇਂ ਹੁਣ ਦੇ ਲੋਕਾਂ ਤੋਂ ਹੈ। ਸਾਡੀ ਦ੍ਰਿਸ਼ਟੀ ਬਹੁਤ ਛੋਟੀ ਹੈ। ਅਸੀਂ ਸੰਸਾਰ ਦੇ ਆਪਣੇ ਛੋਟੇ ਜਿਹੇ ਹਿੱਸੇ ਦੇ ਨਾਲ ਸੰਬੰਧਤ ਹਾਂ, ਜਦਕਿ ਪਰਮੇਸ਼ੁਰ ਨੂੰ ਸਾਰੀ ਦੁਨੀਆਂ ਦੀ ਫਿਕਰ ਹੈ। ਸਾਡਾ ਸੰਬੰਧ ਸਿਰਫ ਆਪਣੇ ਦੁੱਖਾਂ ਤੋਂ ਅਰਾਮ ਪਾਉਣਾ ਹੀ ਹੈ, ਜਦਕਿ ਪਰਮੇਸ਼ੁਰ ਨੂੰ ਉਸ ਦੀ ਚਿੰਤਾ ਹੈ ਜੋ ਸਾਡੇ ਲਈ ਸਭ ਤੋਂ ਉੱਤਮ ਹੈ। ਅਸੀਂ ਚਾਹੁੰਦੇ ਹਾਂ ਕਿ ਪਰਮੇਸ਼ੁਰ ਸਾਨੂੰ ਖੁਸ਼ ਕਰਨਾ ਚਾਹੁੰਦਾ ਹੈ, ਜਦਕਿ ਪਰਮੇਸ਼ੁਰ ਸਾਨੂੰ ਬੇਹਤਰ ਬਣਾਉਣਾ ਚਾਹੁੰਦਾ ਹੈ।

ਪਰਮੇਸ਼ੁਰ ਨੇ ਕਿਹਾ, "'ਕਿਉਂ ਜੋ ਮੇਰੇ ਖਿਆਲ ਤੁਹਾਡੇ ਖਿਆਲ ਨਹੀਂ, ਨਾ ਤੁਹਾਡੇ ਰਾਹ ਮੇਰੇ ਰਾਹ ਹਨ,' . . . 'ਜਿਵੇਂ ਅਕਾਸ਼ ਧਰਤੀ ਤੋਂ ਉੱਚੇ ਹਨ, ਤਿਵੇਂ ਮੇਰੇ ਰਾਹ ਤੁਹਾਡੇ ਰਾਹਾਂ ਤੋਂ, ਅਤੇ ਮੇਰੇ ਖਿਆਲ ਤੁਹਾਡੇ ਖਿਆਲਾਂ ਤੋਂ ਉੱਚੇ ਹਨ'" (ਯਸਾਯਾਹ 55:8, 9)। ਕਿਉਂਕਿ ਉਹ ਸੱਚ ਹੈ, ਸਾਨੂੰ ਸਲਾਹ ਦਾ ਪਾਲਣ ਕਰਨਾ ਚਾਹੀਦਾ ਹੈ: "ਆਪਣੇ ਪੂਰੇ ਦਿਲ ਨਾਲ ਯਹੋਵਾਹ ਉੱਤੇ ਭਰੋਸਾ ਰੱਖ, ਅਤੇ ਆਪਣੀ ਹੀ ਸਮਝ ਉੱਤੇ ਅਤਬਾਰ ਨਾ ਕਰ" (ਕਹਾਉਤਾਂ 3:5)।

2. *"ਮੇਰੇ ਉੱਤੇ ਭਰੋਸਾ ਕਰੋ: ਮੈਨੂੰ ਤੁਹਾਡਾ ਫਿਕਰ ਹੈ।"* ਪਰਮੇਸ਼ੁਰ ਨੇ ਸਾਡੇ ਨਾਲ ਵੀ ਉਹੀ ਚਿੱਟੇ ਬਸਤਰ ਪਹਿਨਾਏ ਜਾਣ ਦਾ ਵਾਇਦਾ ਕੀਤਾ ਹੈ ਜੋ ਉਸ ਨੇ ਸ਼ਹੀਦ ਹੋਏ ਸੰਤਾਂ ਨੂੰ ਦਿੱਤੇ ਸਨ (3:5), ਅਤੇ ਉਹ ਨਿਰੰਤਰ ਸਾਡੇ ਨਾਲ ਵੀ ਆਪਣੇ ਉਹੀ ਪ੍ਰੇਮ ਨੂੰ ਪਰਗਟ ਕਰਦਾ ਹੈ ਜੋ ਉਸ ਨੇ ਉਨ੍ਹਾਂ ਦੇ ਪ੍ਰਤਿ ਪਰਗਟ ਕੀਤਾ ਸੀ। ਬੱਚੇ ਗਾਉਂਦੇ ਹਨ, "ਯਿਸੂ ਮੈਨੂੰ ਪ੍ਰੇਮ ਕਰਦਾ ਹੈ, ਇਹ ਮੈਂ ਜਾਣਦਾ ਹੈਂ"; ਵੱਡੇ ਗਾਉਂਦੇ ਹਨ, "ਪ੍ਰੇਮ ਨੇ ਮੈਨੂੰ ਚੁੱਕਿਆ ਹੈ।" ਕਿਉਂਕਿ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਉਨ੍ਹਾਂ ਦੇ ਬੋਲ ਸੱਚੇ ਹਨ ਇਸ ਲਈ ਅਸੀਂ ਇਹ ਗੀਤ ਗਾਉਂਦੇ ਹਾਂ। ਯੂਹੰਨਾ ਨੇ ਲਿਖਿਆ ਹੈ, "ਪ੍ਰੇਮ ਇਸ ਗੱਲ ਵਿੱਚ ਹੈ, ਨਾ ਜੋ ਅਸਾਂ ਪਰਮੇਸ਼ੁਰ ਨਾਲ ਪ੍ਰੇਮ ਕੀਤਾ ਸਗੋਂ ਇਹ ਜੋ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਪੁੱਤ੍ਰ ਨੂੰ ਘੱਲਿਆ ਭਈ ਉਹ ਸਾਡੇ ਪਾਪਾਂ ਦਾ ਪਰਾਸਚਿੱਤ ਹੋਵੇ।" (1 ਯੂਹੰਨਾ 4:10)। ਪਰਮੇਸ਼ੁਰ ਦੇ ਪ੍ਰੇਮ ਭਰੋਸਾ ਪ੍ਰਾਪਤ ਕਰਨ ਤੋਂ ਬਾਅਦ, ਅਸੀਂ ਜਾਣ ਸਕਦੇ ਹਾਂ ਕਿ ਉਸ ਦੇ ਮਨ ਵਿਚ ਸਾਡੀ ਸਭ ਤੋਂ ਉੱਤਮ ਭਲਾਈ ਹੈ – ਭਾਵੇਂ ਸਾਡੇ ਜੀਵਨਾਂ ਵਿਚ ਕੁਝ ਵੀ ਕਿਉਂ ਨਾ ਹੋਵੇ।

3. *"ਮੇਰੇ ਤੇ ਭਰੋਸਾ ਕਰੋ: ਸਭ ਕੁਝ ਠੀਕ ਹੋ ਜਾਵੇਗਾ।"* ਸਾਡੇ ਵਿਚੋਂ ਜ਼ਿਆਦਾਤਰ ਲੋਕ ਜਾਣਨਾ ਚਾਹੁੰਦੇ ਹਨ ਕਿ ਚੀਜ਼ਾਂ *ਕਿਉਂ* ਵਾਪਰਦੀਆਂ ਹਨ, ਪਰਮੇਸ਼ੁਰ ਦੀ ਸੰਪੂਰਣ ਯੋਜਨਾ *ਕੀ* ਹੈ, ਅਤੇ ਉਹ ਉਸ ਨੂੰ *ਕਦੋਂ* ਪੂਰਾ ਕਰੇਗਾ। ਮੂਲ ਰੂਪ ਵਿਚ ਸਾਡੇ ਲਈ ਵੀ ਉਹੀ ਸੰਦੇਸ਼ ਹੈ ਜਿ

ਬਹੁਤ ਪਹਿਲਾਂ ਪ੍ਰਸ਼ਨ ਕਰਨ ਵਾਲੇ ਸੰਤਾਂ ਦੇ ਲਈ ਸੀ: “ਸ਼ਾਂਤ ਰਹੋ। ਧੀਰਜ ਰੱਖੋ। ਜਦੋਂ ਤਕ ਮੈਂ ਆਪਣੀਆਂ ਯੋਜਨਾਵਾਂ ਨੂੰ ਪੂਰਾ ਕਰਦਾ ਹਾਂ ਉਦੋਂ ਤਕ ਧੀਰਜ ਕਰਨਾ ਸਿੱਖੋ। ਇਸ ਦੌਰਾਨ, ਉਨ੍ਹਾਂ ਅਸੀਸਾਂ ਦਾ ਅਨੰਦ ਮਾਣੋ ਜੋ ਮੈਂ ਤੁਹਾਨੂੰ ਦਿੱਤੀਆਂ ਹਨ।” ਹੋ ਸਕਦਾ ਹੈ ਕਿ ਪਰਮੇਸ਼ੁਰ ਦਾ ਉੱਤਰ ਇਕਦਮ ਉਹੀ ਨਾ ਹੋਵੇ ਜੋ ਅਸੀਂ ਚਾਹੁੰਦੇ ਹਾਂ, ਪਰ ਇਹ ਬਿਲਕੁਲ ਉਹੀ ਹੁੰਦਾ ਹੈ ਜਿਸ ਦੀ ਸਾਨੂੰ ਲੋੜ ਹੈ।

ਇੱਕ ਜਾਣੇ-ਪਛਾਣੇ ਗੀਤ ਵਿਚ ਇਹ ਸ਼ਬਦ ਹਨ:

ਜਦਕਿ ਸੰਤ ਵੀ ਆਪਣੇ ਸਮੇਂ ਦਾ ਧਿਆਨ ਰੱਖਦੇ ਹਨ,
ਉਹ ਪੁਕਾਰਦੇ ਹਨ: “ਕਦੋਂ ਤੋੜੀ, ਕਦੋਂ ਤੋੜੀ?”
ਅਤੇ ਜਲਦੀ ਹੀ ਰੋਣ ਦੀ ਰਾਤ
ਸਵੇਰ ਦਾ ਗੀਤ ਬਣ ਜਾਵੇਗੀ।[51]

ਪ੍ਰਸ਼ਨ “ਕਦੋਂ ਤੋੜੀ?” ਤੇ ਧਿਆਨ ਦਿਓ – ਪਰ ਉਸ ਆਤਮ ਵਿਸ਼ਵਾਸ ਤੇ ਵੀ ਧਿਆਨ ਦਿਓ ਕਿ ਇੱਕ ਦਿਨ ਸਭ ਕੁਝ ਠੀਕ ਹੋ ਜਾਵੇਗਾ। ਜਦੋਂ ਸਾਡੇ ਰਾਹ ਵਿਚ ਦੁੱਖ ਆਉਂਦੇ ਹਨ, ਤਾਂ ਸਾਨੂੰ ਜ਼ਰੂਰ ਇਹ ਸਿੱਖਣਾ ਚਾਹੀਦਾ ਹੈ ਕਿ ਅਸੀਂ ਆਪਣਾ ਭਰੋਸਾ ਪ੍ਰਭੂ ਤੇ ਰੱਖੀਏ। ਪਰਮੇਸ਼ੁਰ ਕਈਆਂ ਪ੍ਰਸ਼ਨਾਂ ਦੇ ਉੱਤਰ ਉਸੇ ਵੇਲੇ ਸਾਨੂੰ ਦੇ ਦਿੰਦਾ ਹੈ; ਪਰ ਹੋਰਨਾਂ ਨੂੰ ਟਾਲ ਦਿੰਦਾ ਹੈ। ਕਈਆਂ ਪ੍ਰਸ਼ਨਾਂ ਦੇ ਉਹ ਕਦੀ ਵੀ ਉੱਤਰ ਨਹੀਂ ਦਿੰਦਾ ਕਿਉਂਕਿ ਉਹ ਜਵਾਬ ਦਿੱਤੇ ਜਾਣ ਦੇ ਯੋਗ ਨਹੀਂ ਹੁੰਦੇ ਹਨ। ਪਰਮੇਸ਼ੁਰ ਦਾ ਉੱਤਰ ਭਾਵੇਂ ਕੁਝ ਵੀ ਕਿਉਂ ਨਾ ਹੋਵੇ, ਪਰ ਉਹ ਸਹੀ ਹੈ—ਅਤੇ ਸਾਨੂੰ ਜ਼ਰੂਰ ਉਸ ਉੱਤੇ ਭਰੋਸਾ ਰੱਖਣਾ ਚਾਹੀਦਾ ਹੈ।

“. . . ਆਪਣੇ ਪਰਮੇਸ਼ੁਰ ਯਹੋਵਾਹ ਦੇ ਉੱਤੇ ਭਰੋਸਾ ਰੱਖੋ ਤਾਂ ਤੁਸੀਂ ਕਾਇਮ ਰਹੋਗੇ . . .” (2 ਇਤਹਾਸ 20:20)।

ਆਪਣਾ ਰਾਹ ਯਹੋਵਾਹ ਦੇ ਗੋਚਰਾ ਕਰ, ਅਤੇ ਉਸ ਉੱਤੇ ਭਰੋਸਾ ਰੱਖ . . . (ਜ਼ਬੂਰਾਂ ਦੀ ਪੋਥੀ 37:5)।

“ਸਦਾ ਤੀਕ ਯਹੋਵਾਹ ਉੱਤੇ ਭਰੋਸਾ ਰੱਖੋ, ਕਿਉਂ ਜੋ ਯਾਹ ਯਹੋਵਾਹ ਸਨਾਤਨ ਚਟਾਨ ਹੈ” (ਯਸਾਯਾਹ 26:4)।

“ਮੁਬਾਰਕ ਹੈ ਉਹ ਮਰਦ ਜਿਹ ਦਾ ਭਰੋਸਾ ਯਹੋਵਾਹ ਉੱਤੇ ਹੈ, ਜਿਹ ਦਾ ਭਰੋਸਾ ਯਹੋਵਾਹ ਹੈ” (ਯਿਰਮਿਯਾਹ 17:7)।

### ਵਾਢੀ ਦਾ ਸਮਾਂ (6:17)

ਸਾਲਾਂ ਪਹਿਲਾਂ, ਇੱਕ ਮਸੀਹੀ ਕਿਸਾਨ ਦੀ ਕਹਾਣੀ ਸੁਣਾਈ ਗਈ ਸੀ। ਅਸੀਂ ਉਸ ਨੂੰ “ਰੋਬਰਟ” ਕਹਾਂਗੇ। ਰੋਬਰਟ ਪ੍ਰਭੂ ਨੂੰ ਪਿਆਰ ਕਰਦਾ ਸੀ। ਹਰ ਸਮੇਂ ਜਦੋਂ ਪਰਮੇਸ਼ੁਰ ਦੀ ਕਲੀਸਿਆ ਇਕੱਠੀ ਹੁੰਦੀ ਸੀ, ਉਹ ਹਾਜ਼ਰ ਹੁੰਦਾ ਸੀ। ਭਾਵੇਂ ਬੀਜਣ ਦਾ ਸਮਾਂ ਹੋਵੇ, ਉਹ ਅਰਾਧਨਾ ਸਭਾਵਾਂ ਵਿਚ ਹੁੰਦਾ ਸੀ। ਭਾਵੇਂ ਬੱਦਲਾਂ ਨੇ ਧਰਤੀ ਨੂੰ ਢੱਕਿਆ ਹੋਵੇ ਅਤੇ ਉਸ ਦੀਆਂ ਫਸਲਾਂ ਨੂੰ ਖਤਰਾ ਹੋਵੇ, ਤਾਂ ਵੀ ਉਹ ਹਾਜ਼ਰ ਹੁੰਦਾ ਸੀ। ਇੱਥੋਂ ਤੱਕ ਕਿ ਵਾਢੀ ਦੇ ਸਮੇਂ ਵੀ ਜਦੋਂ ਫਸਲ ਇਕੱਠੀ ਕਰਨ ਦੇ ਸਿਰਫ ਕੁਝ ਹੀ ਦਿਨ ਹੋਣ ਦੇ ਬਾਵਜੂਦ ਵੀ, ਉਸ ਨੇ ਪਰਮੇਸ਼ੁਰ ਦੇ

ਲੋਕਾਂ ਦੇ ਨਾਲ ਅਰਾਧਨਾ ਕੀਤੀ। ਰੋਬਰਟ ਦੀ ਵਚਨਬੱਧਤਾ ਨੇ ਇੱਕ ਅਵਿਸ਼ਵਾਸੀ ਗੁਆਂਢੀ ਨੂੰ ਪਰੇਸ਼ਾਨ ਕਰ ਦਿੱਤਾ, ਇਸ ਲਈ ਗੁਆਂਢੀ ਨੇ ਪ੍ਰਯੋਗ ਕਰਨ ਦੇ ਲਈ ਇੱਕ ਖੇਤ ਨੂੰ ਵੱਖਰਾ ਕਰ ਦਿੱਤਾ। ਉਹ ਰੋਬਰਟ ਦੇ ਅਰਾਧਨਾ ਵਿਚ ਜਾਣ ਦੇ ਸਮੇਂ ਹੀ ਉਸ ਖੇਤ ਕੰਮ ਕਰਦਾ ਹੁੰਦਾ ਸੀ। ਫਸਲ ਦੀ ਵਾਢੀ ਤੋਂ ਬਾਅਦ ਰੋਬਰਟ ਦੇ ਗੁਆਂਢੀ ਨੇ ਉਸ ਨੂੰ ਬੁਲਾਇਆ। ਉਸ ਆਦਮੀ ਨੇ ਮੇਜ਼ ਦੇ ਉੱਤੇ ਪੈਸਿਆਂ ਦਾ ਇੱਕ ਢੇਰ ਲਗਾ ਦਿੱਤਾ ਅਤੇ ਕਿਹਾ, "ਕੀ ਤੈਨੂੰ ਪਤਾ ਹੈ ਕਿ ਇਹ ਪੈਸੇ ਕਿੱਥੋਂ ਆਏ ਹਨ? ਇਹ ਉਸ ਖੇਤ ਵਿਚੋਂ ਆਏ ਹਨ ਜਿਸ ਵਿਚ ਮੈਂ ਸਿਰਫ ਉਨ੍ਹਾਂ ਸਮਿਆਂ ਵਿਚ ਕੰਮ ਕੀਤਾ ਸੀ ਜਿਸ ਸਮੇਂ ਤੂੰ ਪਰਮੇਸ਼ੁਰ ਦੇ ਸਾਹਮਣੇ ਪ੍ਰਾਰਥਨਾ ਕਰਨ ਦੇ ਵਿਚ ਆਪਣਾ ਸਮਾਂ ਬਰਬਾਦ ਕਰ ਰਿਹਾ ਸੀ। ਉਸ ਖੇਤ ਵਿਚੋਂ ਹੋਰ ਸਾਰਿਆਂ ਖੇਤਾਂ ਨਾਲੋਂ ਤੀਹ ਪ੍ਰਤੀਸ਼ਤ ਵਧੇਰੇ ਲਾਭ ਹੋਇਆ ਹੈ! ਹੁਣ ਤੂੰ ਇਸ ਦੇ ਵਿਸ਼ੇ ਵਿਚ ਕੀ ਕਹਿੰਦਾ ਹੈਂ?" ਰੋਬਰਟ ਨੇ ਪੈਸਿਆਂ ਵੱਲ ਤੱਕਿਆ ਅਤੇ ਉਸ ਨੂੰ ਉੱਤਰ ਦਿੱਤਾ, "ਮੈਂ ਕਹਿਣਾ ਹੈ ਕਿ ਪਰਮੇਸ਼ੁਰ ਸਾਰੇ ਹਿਸਾਬ ਵਾਢੀ ਦੇ ਸਮੇਂ ਵਿਚ ਹੀ ਪੂਰੇ ਨਹੀਂ ਕਰਦਾ ਹੈ।"

---

ਟਿੱਪਣੀਆਂ

[1]ਯੂਜੀਨ ਐੱਚ ਪੀਟਰਸਨ, *ਰਿਵਰਸਡ ਥੰਡਰ* (ਸੈਨ ਫਰਾਂਸਿਸਕੋ: ਹਾਰਪਰਕੋਲਿਨਜ਼ ਪਬਲਿਸ਼ਰਜ਼, 1988), 74. [2]ਬਰੂਸ ਐਮ. ਮੇਟਜ਼ਰ, *ਬ੍ਰੇਕਿੰਗ ਦ ਕੋਡ: ਅੰਡਰਸਟੈਂਡਿੰਗ ਦ ਬੁੱਕ ਆਫ਼ ਰੈਵੇਲੇਸ਼ਨ* (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1993), 59. [3]ਫਰੈਂਕ ਪੈਕ, *ਪਰਕਾਸ਼ ਦੀ ਪੋਥੀ,* ਭਾਗ 1 (ਅੱਸਟਿਨ, ਟੈਕਸਾਸ: ਆਰ. ਬੀ. ਸਵੀਟ ਕੰਪਨੀ, 1965), 64. ਜੇਮਸ ਐਮ, ਈਫਰਡ, *ਰੈਵੇਲੇਸ਼ਨ ਫਾਰ ਟੁਡੇ* (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1989), 70. [4]ਇਸ ਸਥਿਤੀ ਦੇ ਲਈ ਮਜ਼ਬੂਤ ਸਮਰਥਨ ਵਿਲੀਅਮ ਹੈਂਡਰਿਕਸਨ ਦੇ ਸਾਰ, *ਮੋਰ ਦੇਨ ਕੰਕਰਰ* ਵਿਚ ਪਾਇਆ ਜਾਂਦਾ ਹੈ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1954), 113-17. [5]ਪੈਕ, 64. [6]ਡਬਲਿਯੂ. ਈ. ਵਾਇਨ, *ਦੀ ਐਕਸਪੈਂਡਡ ਵਾਇਨਜ਼ ਐਕਸਪੋਜ਼ਿਟਰੀ ਡਿਕਸ਼ਨਰੀ ਆਫ਼ ਨਿਊ ਟੈਸਟਾਮੈਂਟ ਵਰਡਸ*, ਸੰਪਾਦਨ. ਜੌਨ ਆਰ. ਕੋਲੇਨਬਰਗਰ III ਦੇ ਨਾਲ ਜੇਮਸ ਏ. ਸਵਾਂਸਨ (ਮਿਨਿਆਪੋਲਿਸ, ਮਿਨੇਸੋਟਾ: ਬੈਥਨੀ ਹਾਊਸ ਪਬਲਿਸ਼ਰਜ਼, 1984), 724. [7]ਯੂਜੀਨ ਐੱਚ ਪੀਟਰਸਨ, *ਦੀ ਮੈਸੇਜ: ਨਿਊ ਟੈਸਟਾਮੈਂਟ ਵਿਦ ਸਾਮਸ ਐਂਡ ਪ੍ਰੋਵਰਬਜ਼*। [8]ਜਿਮ ਮੈਕਗੂਗੈਨ, *ਦੀ ਬੁੱਕ ਆਫ਼ ਰੈਵੇਲੇਸ਼ਨ,* ਬਾਈਬਲ ਸੀਰੀਜ਼ ਵਿਚ ਖੋਜਣਾ (ਲੱਬੌਕ, ਟੈਕਸਾਸ: ਇੰਟਰਨੈਸ਼ਨਲ ਬਿਬਲੀਕਲ ਰਿਸੋਰਸਜ਼, 1976), 102. [9]ਈਫਰਡ, 71. [10]ਏਲਡ੍ਰੇਡ ਇਕੋਲਸ, *ਹੈਵੰਨ ਯੂ ਹਰਡ? ਦਿਆਰਸ ਏ ਵਾਰ ਗੋਇੰਗ ਆੱਨ!: ਅਨਲੋਕਿੰਗ ਦ ਕੋਰ ਟੂ ਰੈਵੇਲੇਸ਼ਨ* (ਫੋਰਟ ਵਰਥ, ਟੈਕਸਾਸ: ਸਵੀਟ ਪਬਲਿਸ਼ਿੰਗ, 1995), 72.

[11]ਅਰਲ ਐੱਫ਼. ਪਾਮਰ, *1, 2, 3 ਜੌਨ ਐਂਡ ਰੈਵੇਲੇਸ਼ਨ,* ਦ ਕਮਿਊਨੀਕੇਟਰਜ਼ ਕਮੈਂਟਰੀ, ਸੋਧ ਲਾੱਯਡ ਜੇ. ਓਗਿਲਵੀ, ਜਿਲਦ 12 (ਡੱਲਾਸ: ਵਰਡ ਪਬਲਿਸ਼ਿੰਗ, 1982), 177. [12]ਇਹ ਪਰਕਾਸ਼ ਦੀ ਪੋਥੀ ਦੇ ਵਿਸ਼ੇ ਵਿਚ ਲਿਖੀ ਗਈ ਜੌਨ ਵਿਕ ਬੋਮਨ ਦੀ ਕਿਤਾਬ ਦਾ ਸਿਰਲੇਖ ਹੈ: *ਦ ਫਰਸਟ ਕ੍ਰਿਸਚੀਅਨ ਡਰਾਮਾ: ਪਰਕਾਸ਼ ਦੀ ਪੋਥੀ* (ਫ਼ਿਲਦਲਫ਼ੀਏ: ਵੇਸਟਮਿੰਸਟਰ ਪ੍ਰੈੱਸ, 1955)। [13]ਰੋਬਰਟ ਐੱਚ, ਮਾਊਂਸ, *ਦ ਬੁੱਕ ਆਫ਼ ਰੈਵੇਲੇਸ਼ਨ*, ਨਵੇਂ ਨੇਮ ਦੇ ਵਿਸ਼ੇ ਵਿਚ ਦ ਨਿਊ ਇੰਟਰਨੈਸ਼ਨਲ ਕਮੈਂਟਰੀ, ਸੋਧ. ਐਫ਼. ਐਫ਼. ਬਰੂਸ (ਗ੍ਰੈਂਡ ਰੈਪਿਡ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1977), 157. [14]ਜੇ. ਡਬਲਿਯੂ ਰੋਬਰਟਜ਼, *ਦ ਰੈਵੇਲੇਸ਼ਨ ਟੂ ਜੌਨ (ਦੀ ਐਪੋਕਲਿਪਸ),* ਦ ਲਿਵਿੰਗ ਵਰਡ ਕਮੈਂਟਰੀ, ਸੋਧ ਇਵਰਟ ਫਰਗੂਸਨ (ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1974), 67. [15]ਹੋਮਰ ਹੈਲੀ, *ਰੈਵੇਲੇਸ਼ਨ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1979), 196. [16]ਬੋਮੈਨ, 51. [17]ਏਡਗਰ ਜੇ. ਗੁੱਡਸਪੀਡ, *ਦੀ ਨਿਊ ਟੈਸਟਾਮੈਂਟ: ਇੱਕ ਅਮਰੀਕੀ ਅਨੁਵਾਦ।* [18]ਲੀਓਨ ਮੌਰਿਸ, *ਰੈਵੇਲੇਸ਼ਨ*, ਸੋਧ ਅਤੇ ਸੰਪਾਦਨ, ਦੀ ਟਿੰਡਲ ਨਿਊ ਟੈਸਟਾਮੈਂਟ ਕਮੈਂਟਰੀਆਂ, ਸੋਧ. ਲੀਓਨ ਮੌਰਿਸ (ਗ੍ਰੈਂਡ ਰਿਪਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1987), 107. [19]ਟਾੱਮੀ ਸਾਊਥ, "ਸੱਤਾਂ ਮੋਹਰਾਂ ਦੇ ਚਾਰ ਸੰਦੇਸ਼," *ਟਰੁੱਥ ਫਾਰ ਟੁਡੇ* 9 (ਨਵੰਬਰ 1988): 10. [20]ਇਸ ਸੱਚਾਈ ਦੇ ਲਈ ਬਾਈਬਲ ਦੀਆਂ ਉਦਾਹਰਣਾਂ ਦੇ ਲਈ, ਵੇਖੋ ਡੇਵਿਡ ਰੋਪੜ, "ਜਦੋਂ ਪਰਮੇਸ਼ੁਰ ਦਾ ਧੀਰਜ ਸਮਾਪਤ ਹੋ ਜਾਂਦਾ ਹੈ," *ਟਰੁੱਥ ਫਾਰ ਟੁਡੇ* 14 (ਸਤੰਬਰ 1993): 11–17, 27.

[21]ਬਿਲੀ ਗ੍ਰਾਹਮ, *ਅਪਰੋਚਿੰਗ ਹੂਫਬੀਟਸ: ਦੀ ਫੋਰ ਹੋਰਸਮੈਨ ਆਫ਼ ਦੀ ਐਪੋਕਲਿਪਸ* (ਨਿਊ ਯਾਰਕ: ਏਵਨ

ਬੁਕਸ, 1985), 241. [22]ਵੇਖੋ ਵਿਲੀਅਮ ਬਾਰਕਲੇ, *ਦੀ ਰੈਵੇਲੇਸ਼ਨ ਆਫ਼ ਜੌਨ,* ਜਿਲਦ 2, ਸੋਧਿਆ ਸੰਸਕਰਣ, ਦੀ ਡੇਹਲੀ ਬਾਈਬਲ ਸਟੱਡੀ ਸੀਰੀਜ਼ (ਫ਼ਿਲਦਲਫ਼ੀਏ: ਵੇਸਟਮਿੰਸਟਰ ਪ੍ਰੈੱਸ, 1976), 13–15. [23]ਬੋਮੈਨ, 53. [24]ਹਿੱਲੀ, 198. [25]ਪੀਟਰਸਨ, *ਦੀ ਮੈਸੇਜ: ਨਿਊ ਟੈਸਟਾਮੈਂਟ ਵਿਦ ਸਾਮਜ਼ ਐਂਡ ਪ੍ਰੋਵਰਬਜ਼*। [26]ਉਸੇ ਸਥਾਨ ਤੇ। [27]ਡੀ. ਟੀ. ਨਾਇਲਜ਼, *ਐਸ ਸੀਇੰਗ ਦੀ ਇਨਵਿਜ਼ੀਬਲ: ਏ ਸਟੱਡੀ ਦ ਬੁੱਕ ਆਫ਼ ਰੈਵੇਲੇਸ਼ਨ* (ਨਿਊ ਯਾਰਕ*:* ਹਾਰਪਰ ਐਂਡ ਬ੍ਰਦਰਜ਼, ਪਬਲਿਸ਼ਰਜ਼, 1961), 60–61. [28]ਹੈਨਰੀ ਬੀ. ਸਵਾਇਟ, *ਦੀ ਐਪੋਕਲਿਪਸ ਆਫ਼ ਜੌਨ,* ਤੀਸਰਾ ਸੋਧ (ਲੰਡਨ: ਮੈੱਕਮਿਲਨ ਕੰਪਨੀ, 1909; ਨਵਾਂ ਪ੍ਰਕਾਸ਼ਣ, ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1954), 94. [29]ਹੇਂਡਰਿਕਸਨ, 25. [30]ਓਵਨ ਐੱਲ. ਕਰੋਚ, *ਐਕਸਪੋਜ਼ਿਟਰੀ ਪ੍ਰੀਚਿੰਗ ਐਂਡ ਟੀਚਿੰਗ: ਰੈਵੇਲੇਸ਼ਨ* (ਜੋਪਲਿਨ, ਮਿਸੌਰੀ: ਕਾੱਜਲ ਪ੍ਰੈੱਸ ਪਬਲਿਸ਼ਿੰਗ ਕੰਪਨੀ, 1985), 123.

[31]ਐਡਵਰਡ ਪੀ. ਮਾਇਰਸ, *ਆਫਟਰ ਦੀਜ਼ ਥਿੰਗਜ਼ ਆਈ ਸੌ: ਏ ਸਟੱਡੀ ਆਫ਼ ਰੈਵੇਲੇਸ਼ਨ* (ਜੋਪਲਿਨ, ਮਿਸੌਰੀ: ਕਾੱਜਲ ਪ੍ਰੈੱਸ ਪਬਲਿਸ਼ਿੰਗ ਕੰਪਨੀ, 1997), 160. [32]ਮੈਰਿਲ ਸੀ .ਟੈਨੀ, *ਦੀ ਬੁੱਕ ਆਫ਼ ਰੈਵੇਲੇਸ਼ਨ,* ਨਿਊ ਟੈਸਟਾਮੈਂਟ ਦੀ ਘੋਸ਼ਣਾ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1963), 33–35. [33]ਪੀਟਰਸਨ, *ਦੀ ਮੈਸੇਜ: ਨਿਊ ਟੈਸਟਾਮੈਂਟ ਵਿਦ ਸਾਮਜ਼ ਐਂਡ ਪ੍ਰੋਵਰਬਜ਼।* [34]ਵਿੰਸਟਨ ਚਰਚਿਲ, ਜੌਨ ਬਰਟਲੇਟ ਵਿਚ ਉਲੇਖ ਕੀਤਾ ਹੋਇਆ, *ਬਰਟਲੇਟਸ ਫਿਮਿਲਿਅਰ ਕੋਟੇਸ਼ਨਜ਼,* 16ਵੀਂ ਸੋਧ, ਸੋਧ ਜਸਟਿਨ ਕਪਲਾਨ (ਬੋਸਟਨ: ਲਿਟਲ, ਬ੍ਰਾਊਨ, ਅਤੇ ਕੰਪਨੀ, 1992), 621. [35]ਬੋਮੈਨ, 49. [36]ਪੀਟਰਸਨ, *ਰੀਵਰਸਡ ਥੰਡਰ,* 76. [37]ਬਾਰਟਨ ਕੋਫਮੈਨ, *ਕਮੈਂਟਰੀ ਆਨ ਰੈਵੇਲੇਸ਼ਨ* (ਔਸਟਿਨ, ਟੈਕਸਾਸ: ਫਰਮ ਫਾਉਂਡੇਸ਼ਨ ਪਬਲਿਸ਼ਿੰਗ ਹਾਊਸ, 1979), 142. [38]ਕੈਲਵਿਨ ਮਿਲਰ, *ਏ ਰੇਕਿਊਏਮ ਫਾਰ ਲਵ,* ਕਰੇਗ ਬ੍ਰੇਨ ਲਾਰਸਨ, ਸੋਧ. *ਇਲਸਟ੍ਰੇਸ਼ਨਜ਼ ਫਾਰ ਪ੍ਰੀਚਿੰਗ ਐਂਡ ਟੀਚਿੰਗ ਫ੍ਰਾਮ ਲੀਡਰਸ਼ਿਪ ਜਨਰਲ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ 1993), 93. [39]ਬਾਰਟਲੇਟ ਵਿਚ ਉਲੇਖ ਕੀਤਾ ਹੋਇਆ, 636. [40]ਲਿਓਨਾਰਡ ਲੂਇਸ ਲੇਵੀਨਸਨ ਵਿਚ ਉਲੇਖ ਕੀਤਾ ਗਿਆ ਹੈ, *ਵੈਬਸਟਰ ਦੀ ਅਨਅਫ੍ਰੈਡ ਡਿਕਸ਼ਨਰੀ* (ਨਿਊ ਯਾਰਕ: ਕੋਲਰ ਬੁਕਸ, 1967), 254.

[41]*ਗੈਲਿਅਰ ਮਲਟੀਮੀਡਿਆ ਐਨਸਾਈਕਲੋਪੀਡੀਆ,* 1999 ਸੋਧ., ਐੱਸ. ਵੀ. "ਬੂਬੋਨਿਕ ਪਲੇਗ।" [42]ਉਸੇ ਸਥਾਨ ਤੇ, ਐੱਸ. ਵੀ. "ਫਲੂ ਮਹਾਂਮਾਰੀ, 1918." [43]ਪਲਮਰ, 177. [44]ਸਾਊਥ, 9 (ਜ਼ੋਰ ਦਿੱਤਾ ਗਿਆ ਹੈ)। [45]ਮੇਟਜ਼ਰ, 58. [46]ਏਖੋਲਜ਼, 82. [47]ਉਸੇ ਸਥਾਨ ਤੇ, 72 (ਜ਼ੋਰ ਦਿੱਤਾ ਗਿਆ ਹੈ)। [48]ਪੀਟਰਸਨ, *ਰੀਵਰਸਡ ਥੰਡਰ,* 73. [49]ਲਾਰਸਨ, 240. [50]ਮਾਈਕਲ ਵਿਲਕਲੋਕ, *ਦੀ ਮੈਸੇਜ ਆਫ਼ ਰੈਵੇਲੇਸ਼ਨ: ਆਈ ਸੌ ਹੈਵਨ ਓਪਨਡ,* ਦੀ ਬਾਈਬਲ ਸਪੀਕਸ ਟੂਡੇ, ਸੋਧ. ਜੌਨ ਆਰ. ਡਬਲਿਯੂ. ਸਟੌਟ (ਡਾਨਰਸ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1975), 73.

[51]ਐੱਸ. ਜੇ. ਸਟੋਨ, "ਚਰਚ ਦੀ ਇੱਕੋ ਨੀਂਹ," *ਸੌਂਗਸ ਆਫ਼ ਦ ਚਰਚ,* ਸੋਧ ਐਲਟਨ ਐੱਚ ਹਾਵਰਡ (ਵੈਸਟ ਮੋਨਰੋ, ਲੁਈਸਿਆਨਾ: ਹਾਵਰਡ ਪਬਲਿਸ਼ਿੰਗ ਕੰਪਨੀ, 1977)।